# ਸਾਂਝੀ ਵਿਰਾਸਤ

ਜਿਲਦ 3 ਅੰਕ 25

2024

1-ਮਾਘ (13-ਜਨਵਰੀ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਮਾਘ, 13-ਜਨਵਰੀ - 2024)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਸਰਬੰਸ ਦਾਨੀ ਦਸਮੇਸ਼ ਗੁਰੂ | ਗੁਰਿੰਦਰ ਸਿੰਘ ਸੰਧੂਆਂ | 7 |
| 5. | ਮੁਕਤਸਰ ਸਾਹਿਬ, ਚਾਲੀ ਮੁਕਤਿਆਂ ਤੇ ਮਾਈ ਭਾਗੋ ਦੀ ਕਥਾ | ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ | 9 |
| 6. | ਜੋਤਿ ਨੂਰਾਨੀ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 12 |
| 7. | ਮਾਘੀ | ਸਰਦਾਰ ਜਸਵੰਤ ਸਿੰਘ ਜ਼ਫਰ | 13 |
| 8. | ਬੈਂਤ ਛੰਤ - "ਗੁਰ ਸ਼ਬਦ" | ਸਰਦਾਰ ਜਸਵਿੰਦਰ ਸਿੰਘ ਰੂਪਾਲ | 14 |
| 9. | ਕੀਤੋਸੁ ਆਪਣਾ ਪੰਥ ਨਿਰਾਲਾ | ਪੁਸਤਕ ਸਮੀਖਿਆ | 17 |
| 10. | ਨਾਨਕ ਨਿਰਮਲ ਪੰਥ ਚਲਾਇਆ | ਸਰਦਾਰਨੀ ਅਮ੍ਰਿਤਪਾਲ ਕੌਰ ਖਾਲਸਾ | 18 |
| 11. | ਸਿਧ ਗੋਸਟਿ (ਭਾਗ - 1) | ਡਾ. ਸੁਰਜੀਤ ਸਿੰਘ ਭੱਟੀ | 21 |
| 12. | ਖਾਲਸਾ ਕਾਲਜ ਅਮ੍ਰਿਤਸਰ | ਡਾ. ਮਲਕੀਅਤ ਸਿੰਘ ਦੂਹੜਾ ਅਤੇ ਡਾ. ਕਾਬਲ ਸਿੰਘ | 23 |
| 13. | ਦਾਲਚੀਨੀ ਦੇ ਗੁਣ | ਡਾ. ਹਰਸ਼ਿੰਦਰ ਕੌਰ | 25 |
| 14. | ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਕਵੀ ਦਰਬਾਰ | 30 ਦਸੰਬਰ 2023 | 28 |
| 15. | ਕਵੀ ਦਰਬਾਰ ਦੀ ਰਿਪੋਰਟ | ਈ-ਦੀਵਾਨ ਕੈਲਗਰੀ | 30 |
| 16. | ਪ੍ਰਣਾਮ ਸ਼ਹੀਦਾਂ ਨੂੰ | - | 31 |
| 17. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 32 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 34 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 36 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 37 |

## ਸੰਪਾਦਕੀ ਨੋਟ

ਮੂਲ ਨਾਨਕਸ਼ਾਹੀ ਕੈਲੰਡਰ ਦਾ ਹਰ ਮਹੀਨਾ ਹਮੇਸ਼ਾਂ ਇਕੋ ਅੰਗਰੇਜ਼ੀ ਤਾਰੀਖ ਨੂੰ ਸ਼ੁਰੂ ਹੁੰਦਾ ਹੈ। ਇਸ ਦੇ ਪਹਿਲੇ ਪੰਜ ਮਹੀਨਿਆਂ ਵਿਚ ਹਰੇਕ ਮਹੀਨੇ ਦੇ 31 ਦਿਨ ਹੁੰਦੇ ਹਨ ਅਤੇ ਅਗਲੇ ਸੱਤ ਮਹੀਨੇ ਸਾਰੇ 30 ਦਿਨਾਂ ਦੇ ਹਨ। ਫੱਗਣ ਵਿਚ ਹਰ 4 ਸਾਲਾਂ ਬਾਅਦ 1 ਦਿਨ ਜੁੜਦਾ ਹੈ। ਇਨ੍ਹਾਂ ਦੀ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ।

1-ਚੇਤ (14 ਮਾਰਚ), 1-ਵਿਸਾਖ (14 ਅਪਰੈਲ), 1-ਜੇਠ (15 ਮਈ), 1-ਹਾੜ੍ਹ (15 ਜੂਨ), ਅਤੇ 1-ਸਾਵਣ (16 ਜੁਲਾਈ)।

1-ਭਾਦੋਂ (16 ਅਗੱਸਤ), 1-ਅੱਸੂ (15 ਸਤੰਬਰ), 1 - ਕੱਤਕ (15 ਅਕਤੂਬਰ), 1 - ਮੱਘਰ (14 ਨਵੰਬਰ), 1 - ਪੋਹ (14 ਦਸੰਬਰ), 1 - ਮਾਘ (13 ਜਨਵਰੀ), ਅਤੇ 1-ਫੱਗਣ (12 ਫਰਵਰੀ)।

5 ਜਨਵਰੀ (23 ਪੋਹ) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਕਾਸ਼ ਦਿਹਾੜਾ ਹੈ।

ਜਨਵਰੀ 2024 ਤੋਂ ਇਸ ਮੈਗਜ਼ੀਨ ਦਾ ਤੀਸਰਾ ਸਾਲ ਸ਼ੁਰੂ ਹੋ ਗਿਆ ਹੈ। ਪਾਠਕਾਂ, ਲੇਖਕਾਂ, ਸਲਾਹਕਾਰਾਂ ਅਤੇ ਸੰਪਾਦਕੀ ਬੋਰਡ ਮੈਂਬਰਾਂ ਦੇ ਸਹਿਯੋਗ ਬਿਨਾ ਇਹ ਸੰਭਵ ਨਹੀਂ ਸੀ। ਪ੍ਰੋਫੈਸਰ ਡਾ. ਰਾਜਬੀਰ ਸਿੰਘ ਭੱਟੀ ਦੀ ਤਕਨੀਕੀ ਸਹਾਇਤਾ ਲਈ ਬਹੁਤ ਧੰਨਵਾਦ ਹੈ ਜੀ।

ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ ਜਾਂ ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ।

ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਦੇ ਅੰਤ ਵਿਚ ਅਤੇ ਇਸ ਮੈਗਜ਼ੀਨ ਦੇ ਵੈਬਸਾਈਟ (**sanjhivirasat.org**) ਤੇ ਦਿੱਤੀ ਹੈ। ਹੋ ਸਕੇ ਤਾਂ ਪੰਜਾਬੀ ਭਾਸ਼ਾ ਦੀਆਂ ਰਚਨਾਵਾਂ ਗੁਰਮੁਖੀ ਦੀ "ਅਨਮੋਲਲਪਿਹਿਇਓਵੇ" (**AnmolLipiHeavy**) ਵਿਚ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ।

ਮੌਲਿਕ ਰਚਨਾਵਾਂ (14 ਫ਼ੌਂਟ ਵਿਚ) ਵੱਧ ਤੋਂ ਵੱਧ ਦੋ ਪੰਨਿਆਂ (ਲਗਭਗ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦਾ ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
sanjhivirasat13@gmail.com,
surjitsinghhatti1943@mail.com

**ਮਾਘ ਦੇ ਮਹੀਨੇ ਦਾ ਪਾਠ ਅਤੇ ਵਿਆਖਿਆ**
**ਬਾਰਹ ਮਾਹਾ ਤੁਖਾਰੀ ਛੰਤ ਮਹਲਾ 1**
**ੴ ਸਤਿਗੁਰ ਪ੍ਰਸਾਦਿ॥**

**ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥**
**ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥**
**ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥**
**ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥**
**ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥**
**ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥**
**{ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ 1109}**

ਮਾਘ ਦੇ ਪਹਿਲੇ ਦਿਨ (ਮਾਘੀ) ਤੇ ਤੀਰਥਾਂ ਦੇ ਇਸ਼ਨਾਨ ਕਰ ਕੇ ਲੋਕ ਸੋਚਦੇ ਹਨ ਕਿ ਉਨ੍ਹਾ ਦੇ ਪਾਪ ਧੋਤੇ ਜਾਣਗੇ। ਪਰ ਗੁਰਬਾਣੀ ਅਨੁਸਾਰ ਬਾਹਰਲੇ ਇਸ਼ਨਾਨ ਨਾਲ ਮਨ ਸਾਫ਼ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਭਾਵੇਂ ਲੱਖਾਂ ਵਾਰੀ ਇਸ਼ਨਾਨ ਕਰੀਏ ਤਾਂ ਵੀ ਮਾਨਸਕ ਪਵਿਤ੍ਰਤਾ ਨਹੀ ਹੁੰਦੀ। ਪਰਮਾਤਮਾ ਦੀ ਸਿਫ਼ਤਿ ਹੀ 68 ਤੀਰਥਾਂ ਦਾ ਇਸ਼ਨਾਨ ਹੈ। ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਇਆਂ ਉਸਦਾ ਸਹਿਜੇ ਹੀ ਮਿਲਾਪ ਹੋ ਜਾਂਦਾ ਹੈ। ਗੰਗਾ, ਜਮਨਾ ਤੇ ਸਰਸਵਤੀ ਦੇ ਸੰਗਮ ਤ੍ਰਿਵੇਣੀ ਅਤੇ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਦਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ। ਜੁਗੋ ਜੁਗ ਵਿਆਪਕ ਪਰਮੇਸ਼ਰ ਨੂੰ ਜਾਣਨਾ ਹੀ ਪੁੰਨ ਦਾਨ ਤੇ ਪੂਜਾ ਹੈ।

ਇਸ ਦਿਨ ਚਾਲੀ ਮੁਕਤਿਆਂ ਦੀ ਕੁਰਬਾਨੀ ਦੀ ਯਾਦ ਵਿਚ ਲੱਖਾਂ ਲੋਕ ਗੁਰਦਵਾਰਾ ਮੁਕਤਸਰ ਸਾਹਿਬ ਦੇ ਦਰਸ਼ਨ ਕਰਦੇ ਹਨ।



**ਪ੍ਰੋਫ਼ੈਸਰ ਮਨਿੰਦਰ ਸਿੰਘ**
**ਐਡਮਿੰਟਨ (ਕੈਨੇਡਾ)**

ਬਾਰਹ ਮਾਹਾ ਮਾਂਝ ਮਹਲਾ ੫
ਮਾਘ ਮਹੀਨੇ ਦਾ ਪਾਠ ਅਤੇ ਵਿਆਖਿਆ

ੴ ਸਤਿਗੁਰ ਪ੍ਰਸਾਦਿ ॥
ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥
॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ॥ ਅੰਗ 133 ॥

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ


ਮਾਘ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ....
ਮਾਘ ਦੇ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਅਤੇ ਦਾਨ ਪੁੰਨ ਆਦਿਕ ਬਾਹਰੀ ਕਰਮ ਕਾਂਡ ਕਰਨ ਨਾਲ ਕੋਈ ਸੁੱਚਾ ਨਹੀਂ ਹੋ ਸਕਦਾ, ਬਲਕਿ ਜੋ ਮਨੁੱਖ ਗੁਰੂ ਦੀ ਕਿਰਪਾ ਦੁਆਰਾ ਹਰੀ ਨਾਮ ਜਪ ਕੇ ਸੱਚ ਨਾਲ ਜੁੜ ਜਾਂਦੇ ਹਨ, ਉਹਨਾ ਦੇ ਅੰਦਰੋਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ, ਸੁੱਚੇ ਕੇਵਲ ਉਹਨਾ ਨੂੰ ਕਿਹਾ ਜਾ ਸਕਦ ਹੈ , ਸਾਰੇ ਸੰਸਾਰ ਵਿਚ ਉਹਨਾ ਦੀ ਸ਼ੋਭਾ ਹੁੰਦੀ ਹੈ ।

# ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ
# ਮਾਘ ਦੇ ਮਹੀਨੇ ਦੇ ਪਾਠ ਦੀ
# ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)



ਮਾਘ ਮਹੀਨੇ ਦਾ ਕਵਿ- ਅਨੁਵਾਦ
ਮਾਘ ਦੇ ਮਹੀਨੇ ਵਿਚ ਜੀਣਾ ਕਿਵੇਂ ਜ਼ਿੰਦਗੀ ਨੂੰ,
ਪੰਜਵੇਂ ਗੁਰਾਂ ਨੇ ਸਾਨੂੰ ਦੱਸਿਆ ਗਿਆਨ ਜੀ।
ਮਾਘ ਵਿਚ ਮੰਨਦੇ ਮਹਾਨਤਾ 'ਸ਼ਨਾਨ ਦੀ ਜੋ,
ਸਾਧੂਆਂ ਦੀ ਧੂਰੀ ਵਿਚ ਕਰੋ ਇਸ਼ਨਾਨ ਜੀ।
ਦਾਨ ਵੀ ਜੋ ਕਰਦੇ ਨੇ ਮਾਘ ਦੇ ਮਹੀਨੇ ਵਿਚ,
ਹਰੀ ਨਾਮ ਜਪੋ, ਕਰੋ ਨਾਮ ਦਾ ਹੀ ਦਾਨ ਜੀ।
ਲੱਥ ਜਾਂਦੀ ਮੈਲ ਕਈ ਜਨਮਾਂ ਦੇ ਕਰਮਾਂ ਦੀ,
ਮੁੱਕ ਜਾਂਦਾ ਮਨ ਵਿਚੋਂ ਸਾਰਾ ਅਭਿਮਾਨ ਜੀ।
ਕਾਮ ਨਾ ਕਰੋਧ ਨਾ ਹੀ ਮੋਹ ਫ਼ੇਰ ਮੋਹ ਸਕੇ, ਲੋਭ
ਕੁੱਤਾ ਭੱਜ ਜਾਂਦਾ ਛੱਡ ਕੇ ਮੈਦਾਨ ਜੀ।
ਸੱਚ ਵਾਲੇ ਰਾਹ ਤੇ ਜੋ ਚਲਦੈ ਜਹਾਨ ਵਿਚ,
ਕਰਦਾ ਹੈ ਜੱਸ ਉਹਦਾ ਸਾਰ ਹੀ ਜਹਾਨ ਜੀ।
ਦੀਨਾਂ ਅਤੇ ਦੁਖੀਆਂ ਤੇ ਕਰਦੈ ਜੋ ਦਇਆ, ਸਾਰੇ,
ਤੀਰਥਾਂ ਦੇ ਪੁੰਨ ਤੋਂ ਇਹ ਪੁੰਨ ਹੈ ਮਹਾਨ ਜੀ।
ਕਿਰਪਾ ਦਾ ਪਾਤਰ ਜੋ ਬਣੇ ਪਰਮਾਤਮਾ ਦੀ, ਹੁੰਦਾ
ਹੈ ਉਹ ਬੜਾ ਹੀ ਸੁਜਾਨ ਇਨਸਾਨ ਜੀ।
'ਨੂਰੋ-ਨੂਰ' ਹੋ ਗਏ ਇੱਕ -ਮਿੱਕ ਹੋ ਕੇ ਪ੍ਰਭੂ ਨਾਲ,
ਉਨ੍ਹਾਂ ਉੱਤੋਂ 'ਨਾਨਕ' ਮੈਂ ਜਾਵਾਂ ਕੁਰਬਾਨ ਜੀ।
ਮਾਘ ਦੇ ਮਹੀਨੇ ਵਿਚ ਸੁੱਚੇ ਓਹੀ ਕਹੇ ਜਾਂਦੇ,
ਜਿਨ੍ਹਾਂ ਉਤੇ ਪੂਰਾ ਗੁਰੂ ਹੋ ਜਾਏ ਮਿਹਰਬਾਨ ਜੀ।

K. S. Noor - 9815023970



## ਸਰਬੰਸ ਦਾਨੀ ਦਸਮੇਸ਼ ਗੁਰੂ

ਸਰਦਾਰ ਗੁਰਿੰਦਰ ਸਿੰਘ ਸੰਧੂਆਂ, ਚਮਕੌਰ ਸਾਹਿਬ
ਰੂਪ ਨਗਰ – ਪੰਜਾਬ (ਭਾਰਤ)



ਛੇ ਪੋਹ ਨੂੰ ਸਤਿਗੁਰਾ ਛੱਡ ਕੇ ਆਨੰਦਪੁਰੀ
ਲਾਕੇ ਘੋੜੇ ਅੱਡੀ ਤੁਰੇ ਹੋਕੇ ਅਸਵਾਰ ਜੀ।

ਪਿੱਛੇ ਆਣ ਟੁੱਟ ਪੈਗੀ ਜਾਲਮਾਂ ਦੀ ਢਾਣੀ ਭੈੜੀ
ਅੱਗੇ ਨਦੀ ਸਰਸਾ ਵੀ ਰਹੀ ਛੱਲਾ ਮਾਰ ਜੀ।

ਸੱਤ ਪੋਹ ਰਾਤਰੀ ਨੂੰ ਸਰਸਾ ਨਦੀ ਦੇ ਕੰਡੇ
ਤਿੰਨ ਹਿੱਸਿਆਂ 'ਚ ਵੰਡ ਗਿਆ ਪਰਿਵਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

ਕੁੱਝ ਸਿੰਘ ਗੁਰਾਂ ਨਾਲ, ਛੋਟੇ ਲਾਲ ਦਾਦੀ ਸੰਗ
ਕੁੱਝ ਤੁਰੇ ਦਿੱਲੀ ਵੱਲ ਕਰ ਨਦੀ ਪਾਰ ਜੀ।

ਕੀਮਤੀ ਖਜ਼ਾਨਾ ਬੜਾ ਕਾਵਿ ਦਾ ਇਕੱਠਾ ਕੀਤਾ,
ਰੁੜ੍ਹ ਗਿਆ ਵਿੱਚ ਪਾਣੀ ਤੇਜ਼ ਰਫਤਾਰ ਜੀ।

ਨਿਤਨੇਮ ਛੱਡਿਆਂ ਨਾ ਜੰਗਲਾਂ ਦੇ ਵਿੱਚ ਗੁਰਾਂ
ਆਸਾ ਜੀ ਦੀ ਵਾਰ ਗਾਈ ਦਸਮ ਦਾਤਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

ਕੁੰਮੇ ਮਾਛਕੀ ਦੀ ਛੰਨ ਛੋਟੇ ਲਾਲ ਦਾਦੀ ਸੰਗ
ਰਾਤਰੀ ਦਾ ਲਿਆ ਭੈੜਾ ਵਕਤ ਗੁਜਾਰ ਜੀ।

ਅੱਠ ਪੋਹ ਸੰਗ ਤੁਰੇ ਗੰਗੂ ਦੇ ਸਹੇੜੀ ਵੱਲ
ਨੇੜੇ ਜੋ ਮੋਰਿੰਡੇ ਵਾਲਾ ਬਣਿਆ ਗਦਾਰ ਜੀ।

ਮਾਇਆ ਦਾ ਪੁਜਾਰੀ ਬਣ ਕਰ ਗਿਆ ਪਾਪ ਵੱਡਾ
ਸੋਚਿਆ ਇਨਾਮ ਮਿਲੋ ਸੂਬੇ ਦਰਬਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

ਦੂਜੇ ਪਾਸੇ ਗੁਰੂ ਜੀ ਨੇ ਪੁੱਜੇ ਚਮਕੌਰ ਗੜੀ
ਭਾਰੀ ਫੌਜ ਵੇਖ ਲੱਗੇ ਕਰਨ ਵਿਚਾਰ ਜੀ।

ਚੁੱਕੋ ਸ਼ਮਸ਼ੀਰ ਸਿੰਘੋ ਆ ਗਿਆ ਵਕਤ ਹੁਣ
ਪਰਖੀ ਹੈ ਜਾਣੀ ਥੋੜੀ ਤਿੱਖੀ ਤਲਵਾਰ ਜੀ।

ਜਾਨ ਤੋਂ ਪਿਆਰੇ ਸਿੰਘ ਦੇਗੇ ਕੁਰਬਾਨੀ ਇੱਥੇ
ਵੱਡੇ ਫਰਜੰਦ ਦੋਵੇਂ ਅਜੀਤ ਤੇ ਜੁਝਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

ਮੰਨਿਆਂ ਹੁਕਮ ਗੁਰਾਂ ਸਾਜੇ ਪੰਥ ਖਾਲਸੇ ਦਾ
ਤਾੜੀ ਮਾਰ ਛੱਡੀ ਗੜੀ ਉੱਚੀ ਲਲਕਾਰ ਜੀ।

ਟਿੰਡ ਦਾ ਸਰਾਣਾ ਲਾਕੇ ਸੌਂਗੇ ਵਿੱਚ ਜੰਗਲ ਦੇ
ਨਾਗ ਵੀ ਨੇ ਹੋਏ ਧੰਨ ਕਰ ਕੇ ਦੀਦਾਰ ਜੀ।

ਮਾਤਾ ਜੀ ਪਿਆਰੀ ਨਾਲੇ ਜਾਨਾਂ ਤੋਂ ਪਿਆਰੇ ਸਿੰਘ
ਜੋੜਾ ਜੋੜਾ ਕਰ ਵਾਰੇ ਲਾਲ ਗੁਰਾਂ ਚਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

ਕਾਂਗੜ ਪੱਤੀ ‘ਚ ਬੈਠ ਲਿਖਿਆਂ ਜ਼ਫ਼ਰ ਨਾਮਾ
ਭੇਜਿਆਂ ਔਰੰਗੇ ਕੋਲ ਕਰ ਕੇ ਤਿਆਰ ਜੀ।

ਦਯਾ 'ਤੇ ਧਰਮ ਸਿੰਘ ਹੱਥ ਗੁਰਾਂ ਭੇਜ ਦਿੱਤਾ
ਭੈੜੀ ਕਰਤੂਤਾਂ ਵਾਲਾ ਚਿੱਠਾ ਵਿਸਥਾਰ ਜੀ।

ਪੜ੍ਹਕੇ ਵਿਜੈ ਪੱਤਰ ਸੰਧੂਆਂ ਔਰੰਗਾ ਪਾਪੀ
ਗਸ਼ ਖਾਕੇ ਡਿੱਗ ਗਿਆ ਮਨ ਭੈੜੀ ਹਾਰ ਜੀ।

ਸੱਤ ਕੁ ਦਿਨਾਂ ਦੇ ਵਿੱਚ ਪਿਤਾ ਦਸ਼ਮੇਸ਼ ਜੀ ਨੇ
ਸਾਰਾ ਪਰਿਵਾਰ ਦਿੱਤਾ ਕੌਮ ਉੱਤੋਂ ਵਾਰ ਜੀ।

## ਮੁਕਤਸਰ ਸਾਹਿਬ, ਚਾਲੀ ਮੁਕਤਿਆਂ ਤੇ ਮਾਈ ਭਾਗੋ ਦੀ ਗਾਥਾ

ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

### ਪਿਛੋਕੜ :



ਖਿਦਰਾਣੇ ਦੀ ਢਾਬ ਤੋਂ ਮੁਕਤਸਰ ਸਾਹਿਬ ਬਣਨ ਦਾ ਸਬੰਧ ਚਾਲੀ ਮੁਕਤਿਆਂ ਅਤੇ ਮਾਈ ਭਾਗੋ ਦੇ ਮੁਗਲ ਫੌਜ ਨਾਲ ਕੀਤੇ ਯੁਧ ਨਾਲ ਹੈ। ਇਸ ਯੁਧ ਵਿਚ ਅਤਿਅੰਤ ਬਹਾਦਰੀ ਨਾਲ ਲੜਦੇ ਹੋਏ 40 ਸਿੰਘ ਸ਼ਹੀਦ ਹੋ ਗਏ ਤੇ ਮਾਈ ਭਾਗੋ ਸਖ਼ਤ ਜ਼ਖਮੀ ਹੋਈ। ਮਾਝੇ ਦੇ ਸਿੱਖਾਂ ਵਲੋਂ "ਬੇਦਾਵਾ" ਲਿਖਣ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੇਦਾਵਾ ਪਾੜ ਕੇ 'ਟੁੱਟੀ ਗੰਢਣ' ਦੀ ਗਾਥਾ ਤਾਂ ਸਾਰੇ ਇਤਿਹਾਸਕਾਰ ਮੰਨਦੇ ਹਨ। ਪਰ ਬੇਦਾਵਾ ਕਿਸ ਨੇ, ਕਦੋਂ ਤੇ ਕਿੱਥੇ ਲਿਖਿਆ, ਇਸ ਬਾਰੇ ਇਤਿਹਾਸਕਾਰਾਂ ਵਿਚਕਾਰ ਮਤਭੇਦ ਹਨ।

### ਖਿਦਰਾਣੇ ਦੀ ਢਾਬ ਦਾ ਧਰਮਯੁੱਧ:

ਪੋਹ (ਦਸੰਬਰ) 1704 ਦੌਰਾਨ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਆਨੰਦਗੜ੍ਹ ਕਿਲੇ ਨੂੰ ਤਿਆਗ ਕੇ ਮਾਲਵੇ ਵੱਲ ਕੀਤੇ ਸਫਰ, ਚਮਕੌਰ ਦੀ ਲੜਾਈ, ਤੇ ਸਾਕਾ ਸਰਹਿੰਦ ਦਾ ਬਿਰਤਾਂਤ ਇਤਿਹਾਸ ਵਿੱਚ ਦਰਜ਼ ਹੈ। ਚਮਕੌਰ ਦੀ ਲੜਾਈ ਬਾਅਦ ਮੁਗਲ ਫੌਜਾਂ ਵਜੀਦ ਖਾਂ ਦੀ ਅਗਵਾਈ ਵਿੱਚ ਗੁਰੂ ਜੀ ਦਾ ਪਿੱਛਾ ਕਰ ਰਹੀਆਂ ਸਨ। ਮਾਝੇ ਦੇ ਸਿੱਖਾਂ ਦਾ ਇਕ ਜੱਥਾ ਗੁਰੂ ਜੀ ਨੂੰ ਰਾਮੇਆਣੇਂ ਪਿੰਡ (ਮੁਕਤਸਰ ਤੋਂ ਤਕਰੀਬਨ 15 ਕਿਲੋਮੀਟਰ ਉਤਰ-ਦੱਖਣ ਤੇ ਜੈਤੋ ਤੋਂ ਪਛਮ ਵਲ) ਮਿਲਣ ਆਇਆ। ਵਿਚਾਰ ਵਟਾਂਦਰੇ ਬਾਅਦ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਖਿਦਰਾਣੇ ਦੀ ਢਾਬ (ਹੁਣ ਮੁਕਤਸਰ ਸਾਹਿਬ) ਵੱਲ ਚਲ ਪਏ। ਉਨ੍ਹਾਂ ਦੇ ਜਾਣ ਬਾਅਦ ਮਾਝੇ ਦੇ ਸਿੱਖਾਂ ਵਿਚੋਂ ਕੁਝ ਵਾਪਸ ਚਲੇ ਗਏ।

ਪਰ ਇਨ੍ਹਾਂ ਵਿਚੋਂ ਇਕ ਜੱਥਾ, ਜਿਸ ਵਿਚ ਮਾਈ ਭਾਗੋ ਸਣੇ 41 ਜਣੇ ਸਨ, ਗੁਰੂ ਸਾਹਿਬ ਦਾ ਸਾਥ ਦੇਣ ਚੱਲ ਪਿਆ। ਪੂਰੀ ਆਸ ਸੀ ਕਿ ਮੁਗਲ ਫੌਜਾਂ ਗੁਰੂ ਜੀ ਦੇ ਪਿੱਛੇ ਇਧਰ ਹੀ ਆਉਣਗੀਆਂ। ਅਜੇਹਾ ਹੀ ਹੋਇਆ। ਫੌਜ ਦੇ ਪੁਜਣ ਤੋਂ ਪਹਿਲਾਂ ਹੀ ਮਝੈਲਾਂ ਨੇ ਢਾਬ ਦੇ ਪੂਰਬ ਵਲ ਮੋਰਚੇ ਸੰਭਾਲ ਲਏ। ਗਿਣਤੀ ਵਧੇਰੇ ਵਿਖਾਉਣ ਲਈ ਝਾੜੀਆਂ ਤੇ ਬਸਤਰ ਵਗੈਰਾ ਪਾ ਦਿਤੇ ਤਾਂ ਜੋ ਦੂਰੋਂ ਤੰਬੂ ਜਾਪਣ। ਭਾਈ ਮਹਾਂ ਸਿੰਘ ਅਤੇ ਮਾਈ ਭਾਗੋ ਨੇ 8-10 ਦੇ ਜੱਥੇ ਬਣਾ ਕੇ ਜਥੇਦਾਰ ਥਾਪ ਦਿੱਤੇ। ਫੌਜ ਨੇੜੇ ਆਉਣ ਸਾਰ ਸਿੰਘਾਂ ਨੇ ਗੋਲੀਆਂ ਤੇ ਤੀਰਾਂ ਦੇ ਮੀਂਹ ਵਰਸਾਏ। ਜਿਹੜਾ ਫੌਜੀ ਦਸਤਾ ਅਗੇ ਵਧਦਾ, ਅਹੋਂ ਇਹ 8-10 ਸਿੰਘਾਂ ਦਾ ਜੱਥਾ ਜ਼ਬਰਦਸਤ ਮੁਕਾਬਲਾ ਕਰਦਾ, ਤੇ ਮੁਗਲ ਮੂੰਹ ਦੀ ਖਾ ਕੇ ਮਾਰੇ ਜਾਂ ਮੁੜ ਜਾਂਦੇ।

ਗੋਲੀਆਂ ਦੀ ਅਵਾਜ਼ ਸੁਣ ਕੇ ਗੁਰੂ ਜੀ, ਜੋ ਥੋੜੀ ਦੂਰ ਉੱਚੀ ਜਗ੍ਹਾ ਜਾਂ ਟਿੱਬੀ ਤੇ ਸਨ (ਹੁਣ ਉਥੇ ਗੁਰਦੁਆਰਾ ਟਿੱਬੀ ਸਾਹਿਬ ਹੈ), ਵਲੋਂ ਪਤਾ ਕਰਵਾਉਣ ਤੇ ਭਾਈ ਦਾਨ ਸਿੰਘ ਨੇ ਦੱਸਿਆ ਕਿ ਮਝੈਲ ਸਿੱਖ ਮੁਗਲ ਫੌਜ ਨਾਲ ਜੂਝ ਰਹੇ ਹਨ। ਗੁਰੂ ਜੀ ਤੇ ਨਾਲ ਦੇ ਸਿੰਘਾਂ ਨੇ ਟਿੱਬੀ ਤੋਂ ਤੀਰਾਂ ਅਤੇ ਗੋਲੀਆਂ ਦੀ ਝੜੀ ਲਾ ਦਿੱਤੀ ਅਤੇ ਫੌਜ ਦੇ ਬਹੁਤ ਸਾਰੇ ਮੁਖੀ ਮਾਰ ਮੁਕਾਏ। ਦੂਰੋਂ ਅਣਜਾਣੀ ਥਾਂ ਤੋਂ ਤੀਰ ਆਉਂਦੇ ਦੇਖ ਵਜ਼ੀਦ ਖਾਂ ਦੀ ਫੌਜ ਵਿੱਚ ਘਬਰਾਹਟ ਤੇ ਉਲਝਣ ਪੈਦਾ ਹੋ ਗਈ ਅਤੇ ਭਗਦੜ ਮੱਚ ਗਈ। ਗਹਿਗੱਚ ਦੀ ਲੜਾਈ ਵਿੱਚ ਅਨੇਕਾਂ ਮੁਗ਼ਲ ਸੈਨਿਕ ਅਤੇ ਜਰਨੈਲ ਮਾਰੇ ਗਏ।

ਵਧਦੇ-ਵਧਦੇ ਫੌਜ ਢਾਬ ਦੇ ਨੇੜੇ ਪਹੁੰਚੀ ਤਾਂ ਸਿੱਖਾਂ ਨੇ ਮੋਰਚਿਆਂ ਤੋਂ ਬਾਹਰ ਆ ਕੇ ਸ਼ਮਸ਼ੀਰਾਂ ਨਾਲ ਹੱਥੋ-ਹੱਥ ਘਮਸਾਨ ਦੀ ਜੰਗ ਕੀਤੀ। ਸਿੰਘ ਸੂਰਮੇ ਸ਼ਹੀਦੀਆਂ ਪਾਉਂਦੇ ਗਏ ਅਤੇ ਅੰਤ ਜਦੋਂ 13 ਸਿੰਘ ਰਹਿ ਗਏ, ਉਹ ਇਕੱਠੇ ਹੀ ਕਿਰਪਾਨਾਂ ਸੂਤ ਕੇ "ਬੋਲੇ ਸੋ ਨਿਹਾਲ" ਦੇ ਨਾਅਰੇ ਲਾਉਂਦੇ ਦੁਸ਼ਮਣ ਤੇ ਬਾਜ਼ਾਂ ਵਾਂਗ ਟੁੱਟ ਪਏ ਤੇ ਉਸ ਦੇ ਆਹੂ ਲਾਹ ਸੁਟੇ। ਇਸ ਤਰਾਂ ਬਹਾਦਰੀ ਨਾਲ ਲੜਦਿਆਂ ਸਭ ਸਿੱਖਾਂ ਨੇ ਜਾਨਾਂ ਵਾਰ ਦਿਤੀਆਂ, ਪਰ ਫੌਜ ਨੂੰ ਗੁਰੂ ਜੀ ਤਕ ਨਹੀਂ ਪੁੱਜਣ ਦਿੱਤਾ। *"ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"* ਗੁਰੂ ਗ੍ਰੰਥ ਸਾਹਿਬ (ਅੰਗ 1105), ਅਤੇ *"ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ"* - (ਗੁਰੂ ਗੋਬਿੰਦ ਸਿੰਘ) ਦੇ ਮਹਾਂ-ਵਾਕ ਖਾਲਸੇ ਨੇ ਫਿਰ ਸੱਚੇ ਸਾਬਤ ਕਰ ਦਿਖਾਏ।

ਵਿਕੀਪੀਡੀਆ (Battle of Muktsar) ਅਨੁਸਾਰ:

ਇਸ ਲੜਾਈ ਵਿੱਚ 3000 ਦੇ ਕਰੀਬ ਮੁਗਲ ਮਾਰੇ ਗਏ, ਅਤੇ 40 ਮੁਕਤਿਆਂ ਸਮੇਤ 300 ਦੇ ਕਰੀਬ ਸਿੰਘ ਸ਼ਹੀਦ ਹੋਏ।

ਲੜਾਈ ਬੰਦ ਹੋਣ ਤੇ ਵਜੀਦ ਖਾਂ ਨੂੰ ਪਤਾ ਲੱਗਾ ਕਿ ਢਾਬ ਤਾਂ ਸੁੱਕੀ ਪਈ ਹੈ, ਅਤੇ ਅੱਗੇ 30 ਮੀਲ ਤਕ ਪਾਣੀ ਨਹੀਂ ਹੈ। ਉਸ ਨੇ ਗੁਰੂ ਸਾਹਿਬ ਦੀ ਦੇਹ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਕਿ ਬਾਦਸ਼ਾਹ ਤੋਂ ਇਨਾਮ ਮਿਲ ਸਕੇ। ਅੰਤ ਘੋਰ ਨਿਰਾਸ਼ਤਾ ਵਿੱਚ ਵਜੀਦ ਖਾਂ ਨੇ ਫੌਜ ਨੂੰ ਪਿੱਛੇ ਮੁੜਨ ਦਾ ਹੁਕਮ ਦੇ ਦਿੱਤਾ।

ਚਾਲੀ ਮੁਕਤੇ:

ਫੌਜ ਦੇ ਚਲੇ ਜਾਣ ਬਾਅਦ ਗੁਰੂ ਜੀ ਨੇ ਰਣਭੂਮੀ ਵਿਚ ਆ ਕੇ ਵੇਖਿਆ ਕਿ ਸਿੰਘ ਸੂਰਮੇ ਅਤਿਅੰਤ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਏ ਸਨ। ਗੁਰੂ ਜੀ ਨੇ ਅਤਿਅੰਤ ਸਨੇਹ ਨਾਲ ਇੱਕ-ਇੱਕ ਯੋਧੇ ਦਾ ਸੀਸ ਚੁਕ ਕੇ ਮੁਖੜੇ ਸਾਫ ਕੀਤੇ, ਮੱਥੇ ਚੁੰਮੇ, ਅਤੇ ਪੰਜ ਹਜ਼ਾਰੀ, ਦਸ ਹਜ਼ਾਰੀ, ਆਦਿ ਦੇ ਵਰ ਦਿੱਤੇ।

ਸਖ਼ਤ ਜ਼ਖਮੀ ਹਾਲਤ ਵਿੱਚ ਪਿਆ ਭਾਈ ਮਹਾਂ ਸਿੰਘ ਗੁਰੂ ਜੀ ਨੂੰ ਨਜ਼ਰੀਂ ਪਿਆ। ਪਾਤਸ਼ਾਹ ਨੇ ਉਸ ਦਾ ਸੀਸ ਗੋਦ ਵਿੱਚ ਲੈ ਕੇ ਮੂੰਹ ਵਿਚ ਪਾਣੀ ਪਾਇਆ ਤਾਂ ਉਸਨੂੰ ਹੋਸ਼ ਆ ਗਈ। ਆਪਣਾ ਸਿਰ ਗੁਰੂ ਦੀ ਗੋਦ ਵਿੱਚ ਦੇਖ ਮਹਾਂ ਸਿੰਘ ਦੇ ਨੇਤਰ ਭਰ ਆਏ।

ਗੁਰੂ ਜੀ ਨੇ ਉਸ ਦਾ ਅੰਤਮ ਸਮਾਂ ਨੇੜੇ ਜਾਣ ਕਿਸੇ ਇੱਛਾ ਬਾਰੇ ਜਾਂ ਕੁਝ ਮੰਗਣ ਲਈ ਕਿਹਾ।

ਉਸਨੇ ਬੇਨਤੀ ਕੀਤੀ,
*'ਅੰਤ ਸਮੇਂ ਆਪ ਜੀ ਦੇ ਦਰਸ਼ਨ ਹੋਣ ਨਾਲ ਸਭ ਇੱਛਾਂ ਪੂਰੀਆਂ ਹੋ ਗਈਆਂ ਹਨ। ਜੇ ਆਪ ਤੁਠੇ ਹੋ ਤਾਂ ਕਿਰਪਾ ਕਰਕੇ ਮਾਝੇ ਦੇ ਸਿੰਘਾਂ ਦਾ ਲਿਖਿਆ ਬੇਦਾਵਾ ਪਾੜ ਕੇ ਟੁੱਟੀ ਗੰਢ ਲਉ'*।

ਗੁਰੂ ਜੀ ਦੇ ਕਹਿਣ ਤੇ ਕਿ *'ਕੁਝ ਆਪ ਲਈ ਮੰਗ ਜੋ ਤੇਰੇ ਲੋਕ ਪ੍ਰਲੋਕ ਵਿਚ ਕੰਮ ਆਵੇ'* ਤਾਂ ਉਸਨੇ ਬੇਨਤੀ ਕੀਤੀ : *"ਆਪ ਟੁੱਟੀ ਗੰਢਣ ਦੇ ਸਮਰੱਥ ਹੋ। ਆਪਣੇ ਸੇਵਕਾਂ ਤੇ ਕਿਰਪਾ ਕਰੋ, ਟੁੱਟੀ ਗੰਢੋ, ਟੁੱਟੀ ਗੰਢੋ, ਟੁੱਟੀ ਗੰਢੋ।"*

ਮਹਾਂ ਸਿੰਘ ਦੀ ਭਾਵਨਾ ਵੇਖ ਕੇ 'ਧੰਨ ਸਿੱਖੀ, ਧੰਨ ਖਾਲਸਾ' ਕਹਿੰਦੇ ਗੁਰੂ ਜੀ ਨੇ ਕਮਰਕੱਸੇ ਵਿੱਚੋਂ ਬੇਦਾਵੇ ਦਾ ਕਾਗ਼ਜ਼ ਕੱਢ ਕੇ ਪਾੜ ਦਿੱਤਾ। ਮਹਾਂ ਸਿੰਘ ਨੇ ਉਸੇ ਵੇਲੇ ਸਵਾਸ ਤਿਆਗ ਦਿੱਤੇ। ਗੁਰੂ ਜੀ ਨੇ ਸ਼ਹੀਦ ਸਿੰਘਾਂ ਦਾ ਸਸਕਾਰ ਕਰਵਾਇਆ। ਜਦੋਂ ਅੰਗੀਠਾ ਬਲ ਰਿਹਾ ਸੀ ਤਾਂ ਗੁਰੂ ਜੀ ਨੇ ਬਚਨ ਕੀਤੇ : *"ਏਹ ਮੁਕਤ ਹੋਏ, ਖਿਦਰਾਣਾ ਢਾਬ ਹੁਣ 'ਮੁਕਤਸਰ' ਹੈ। ਇਨ੍ਹਾਂ ਮੁਕਤਿਆਂ ਦੀ ਯਾਦਗਾਰ ਰਹੇਗੀ, ਸ਼ਹੀਦ ਗੰਜ ਬਣੇਗਾ"*।

ਇਸ ਤਰ੍ਹਾਂ 'ਮੁਕਤਸਰ ਸਾਹਿਬ' ਅਤੇ 'ਚਾਲੀ ਮੁਕਤਿਆਂ' ਦੀ ਅਮਰ-ਗਾਥਾ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਸਦਾ ਲਈ ਅੰਕਤ ਹੋ ਗਈ। ਇਹ ਚਾਲੀ ਮੁਕਤੇ ਸਿੱਖਾਂ ਦੀ ਅਰਦਾਸ ਦਾ ਸਦੀਵੀ ਅੰਗ ਬਣ ਗਏ।

ਮਾਘੀ ਦਾ ਪੁਰਬ:

ਕੁਝ ਦਿਨਾਂ ਬਾਅਦ ਗੁਰੂ ਜੀ ਫਿਰ ਲੜਾਈ ਵਾਲੀ ਜਗ੍ਹਾ ਆਏ ਅਤੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ 'ਨਿਸ਼ਾਨ' ਕਾਇਮ ਕੀਤਾ। ਬਾਦ ਵਿੱਚ ਖਾਲਸੇ ਨੇ ਭਾਈ ਲੰਗਰ ਸਿੰਘ (ਹਰੀਕੇ ਵਾਸੀ, ਜੋ ਗੁਰੂ ਜੀ ਨਾਲ ਸੀ) ਦੀ ਮਦਦ ਨਾਲ ਪੱਕਾ ਸ਼ਹੀਦ ਗੰਜ ਸਥਾਪਤ ਕੀਤਾ। ਅੰਮ੍ਰਿਤਸਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ 1725 ਵਿੱਚ ਮੁਕਤਸਰ ਵਿਖੇ ਮਾਘੀ ਦੇ ਪੁਰਬ ਦੀ ਸ਼ੁਰੂਆਤ ਹੋਈ। ਹੁਣ ਲੜਾਈ ਅਤੇ ਸ਼ਹੀਦਾਂ ਦੀ ਯਾਦ ਵਿੱਚ ਕਈ ਗੁਰਦੁਆਰੇ ਬਣੇ ਹੋਏ ਹਨ। ਭਾਵੇਂ ਮੁਕਤਸਰ ਦਾ ਯੁੱਧ ਵੈਸਾਖ 1705 ਵਿਚ ਹੋਇਆ ਸੀ, ਪਰ ਵੈਸਾਖ ਵਿੱਚ ਬਹੁਤ ਗਰਮੀ ਹੋਣ ਕਰਕੇ ਯਾਦ ਮਨਾਉਣ ਲਈ ਮਾਘ ਮਹੀਨੇ ਦਾ ਪਹਿਲਾ ਦਿਨ ਚੁਣਿਆ ਗਿਆ। ਇਹ ਲੜਾਈ ਕਿਉਂਕਿ ਵੈਸਾਖ 1705 ਵਿਚ ਹੋਈ ਸੀ, ਇਸ ਲਈ 21 ਵੈਸਾਖ (3-4 ਮਈ) ਨੂੰ ਵੀ ਮੁਕਤਸਰ ਦੇ ਸ਼ਹੀਦਾਂ ਦਾ ਦਿਨ ਮਨਾਇਆ ਜਾਂਦਾ ਹੈ।

ਮਾਈ ਭਾਗੋ ਜੀ:

ਸਿੰਘਾਂ ਦੇ ਸਸਕਾਰ ਸਮੇਂ ਜ਼ਖਮੀ ਹੋਈ ਮਾਈ ਭਾਗੋ ਦਾ ਪਤਾ ਲੱਗਾ। ਹੋਸ਼ ਆਉਣ ਤੇ ਉਸਨੇ ਸਿੰਘਾਂ ਦੇ ਮੁਗਲ ਫੌਜ ਨੂੰ ਗੁਰੂ ਜੀ ਤਕ ਪੁੱਜਣ ਤੋਂ ਰੋਕਣ ਦੇ ਮਤੇ ਬਾਰੇ ਅਤੇ ਧਰਮਯੁੱਧ ਦਾ ਬ੍ਰਿਤਾਂਤ ਗੁਰੂ ਜੀ ਨੂੰ ਸੁਣਾਇਆ।ਸਿੰਘਾਂ ਦੀ ਬਹਾਦਰੀ ਅਤੇ ਸ਼ਹਾਦਤਾਂ ਦੀ ਗਾਥਾ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਭਰ ਆਈਆਂ। ਮਾਈ ਭਾਗੋ ਜੀ ਆਪਣੇ ਅੰਤਲੇ ਸਮੇਂ ਤਕ ਗੁਰੂਪ ਸਾਹਿਬ ਨਾਲ ਰਹੇ।

*"ਇਨ੍ਹਾਂ ਸਿੰਘ ਸੂਰਮਿਆਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ"।*

# ਜੋਤ ਨੂਰਾਨੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਭਾਗਾਂ ਵਾਲੇ ਪਟਨੇ ਸ਼ਹਿਰ, ਇੱਕ ਆਈ
ਜੋਤ ਨੂਰਾਨੀ।
ਜਿਸ ਦਾ ਕੁੱਲ ਦੁਨੀਆਂ ਦੇ ਅੰਦਰ, ਹੋਇਆ
ਨਹੀਂ ਕੋਈ ਸਾਨੀ।

ਸਭ ਦੇ ਸਾਂਝੇ ਸੱਚੇ ਸਤਿਗੁਰ, ਸ਼ੰਕਾ ਸਭ ਦੀ
ਲਾਹੀ।
ਭੀਖਣ ਸ਼ਾਹ ਜਾਂ ਕੀਤਾ ਸਜਦਾ, ਦਿਸ ਪਈ
ਜੋਤ ਇਲਾਹੀ।
ਜੰਗ ਦੀਆਂ ਇਹ ਖੇਡਾਂ ਖੇਡੇ, ਵਿੱਚ
ਮੁੰਡਿਆਂ ਦੀ ਢਾਣੀ। ਭਾਗਾਂ...

ਮੁਰਦਾ ਰੂਹਾਂ ਦੇ ਵਿੱਚ ਉਸਨੇ, ਮੁੜ ਤੋਂ
ਪਾਈਆਂ ਜਾਨਾਂ।
ਚਿੜੀਆਂ ਕੋਲੋਂ ਬਾਜ ਤੁੜਾ ਕੇ, ਲਿਖਿਆ
ਸੀ ਅਫਸਾਨਾ।
ਉਹਦੇ ਸਿੱਖਾਂ ਦੁਸ਼ਮਣ ਨੂੰ ਵੀ, ਰਣ
ਪਿਲਾਇਆ ਪਾਣੀ। ਭਾਗਾਂ...

ਧਰਮਾਂ ਦੀ ਆਜ਼ਾਦੀ ਖ਼ਾਤਿਰ, ਸਾਇਆ
ਸਿਰੋਂ ਮਿਟਾਇਆ।
ਸਾਰਾ ਹੀ ਸਰਬੰਸ ਓਸ ਨੇ, ਕੌਮ ਦੇ ਲੇਖੇ
ਲਾਇਆ।
ਰੋਕੀ ਸੀ ਉਸ ਤਲਵਾਰਾਂ ਸੰਗ, ਜ਼ਾਲਿਮ ਦੀ
ਮਨਮਾਨੀ। ਭਾਗਾਂ...

ਉਸ ਦੇ ਨਿੱਕਿਆਂ ਵੱਡੇ ਸਾਕੇ, ਜੱਗ ਨੂੰ ਕਰ
ਦਿਖਲਾਏ।
ਰੱਤ ਚੁਆ ਕੇ ਨੀਹਾਂ ਦੇ ਵਿੱਚ, ਸਿੱਖੀ
ਮਹਿਲ ਬਣਾਏ।
ਜੱਸ ਉਹਦੇ ਨੂੰ ਗਾ ਨਹੀਂ ਸਕਦੀ, 'ਦੀਸ਼'
ਦੀ ਕਲਮ ਨਿਮਾਣੀ।

ਭਾਗਾਂ ਵਾਲੇ ਪਟਨੇ ਸ਼ਹਿਰ, ਇਕ ਆਈ
ਜੋਤ ਨੂਰਾਨੀ।

# ਮਾਘੀ

## ਸਰਦਾਰ ਜਸਵੰਤ ਸਿੰਘ ਜ਼ਫਰ

(With Thanks to Dr. Davinder Boha, and District Language Office, Mohali)

.




.

## ਬੈਂਤ ਛੰਦ – ਸ਼ਬਦ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਲੁਧਿਆਣਾ (ਭਾਰਤ)



ਜਸਵਿੰਦਰ ਸਿੰਘ
"ਰੁਪਾਲ"
98147-15796

1.

ਸ਼ਬਦ ਰੂਪੀ ਬ੍ਰਹਮ ਜਦ ਅੱਖ ਖੋਲੀ,
ਸ਼ਬਦ ਨਾਲ ਹੀ ਸ੍ਰਿਸ਼ਟੀ ਬਣਾਈ ਉਹਨੇ।
ਇੱਕ ਸ਼ਬਦ ਤੋਂ ਲੱਖਾਂ ਦਰੀਆਉ ਚੱਲੇ,
ਧੜਕਣ ਜ਼ਿੰਦਗੀ ਦੀ ਐਸੀ ਪਾਈ ਉਹਨੇ।
ਸ਼ਬਦ ਵਿੱਚ ਹੀ ਉਹਨੂੰ ਸਮੇਟ ਲੈਂਦਾ,
ਸ਼ਬਦ ਨਾਲ ਜੋ ਖੇਡ ਰਚਾਈ ਉਹਨੇ।
ਸ਼ਬਦ ਵਿੱਚ ਹੀ ਰੱਖੇ ਨੇ ਭੇਦ ਸਾਰੇ,
ਸ੍ਰਿਸ਼ਟੀ ਆਪ ਹੀ ਟੋਲਣ ਤੇ ਲਾਈ ਉਹਨੇ।

2.

ਸ਼ਬਦ-ਸੁਝ ਵੀ ਤਾਂ ਸ਼ਬਦ ਆਪ ਦੇਵੇ,
ਸ਼ਬਦ ਵਿੱਚ ਹੀ ਰੱਖਿਆ ਗਿਆਨ ਪੂਰਾ।
ਇੱਕੋ ਸ਼ਬਦ ਤੋਂ ਪੈਦਾ ਸਰੀਰ ਹੋਏ,
ਓਹੀ ਸ਼ਬਦ ਹੈ ਸਾਰੇ ਪ੍ਰਵਾਨ ਪੂਰਾ।
ਜਿਹੜੀ ਸੁਰਤ ਵਿੱਚ ਸ਼ਬਦ ਦਾ ਵਾਸ ਹੋਵੇ,
ਓਸ ਸੁਰਤ ਨੂੰ ਪੂਜੇ ਜਹਾਨ ਪੂਰਾ।
ਆਓ ਨਾਨਕ ਦਾਤਾਰ ਦੀ ਗੱਲ ਕਰੀਏ,
ਜੀਹਨੇ ਸ਼ਬਦ ਦਾ ਕੀਤਾ ਏ ਦਾਨ ਪੂਰਾ।

3.

ਪਾਧੇ ਪਾਸ ਸੀ ਪੜ੍ਹਨ ਲਈ ਭੇਜਿਆ ਜਾ,
ਨਾਨਕ-ਮੁੱਖ ਤੋਂ ਸ਼ਬਦ ਹੀ ਬੋਲਦਾ ਏ।
ਬਾਅਦ "ਇੱਕ" ਦੇ ਪੜ੍ਹਨਾ ਹੈ "ਦੂਸਰਾ" ਕੀ,
ਭੇਦ "ਇੱਕ" ਦਾ ਪਿਆ ਉਹ ਖੋਲ੍ਹਦਾ ਏ।
ਮੋਦੀਖਾਨੇ ਵਿੱਚ ਬੈਠ ਕੇ ਸ਼ਬਦ ਇਹੀ,
ਆਖ "ਤੇਰਾ ਤੇਰਾ" ਪੂਰਾ ਤੋਲਦਾ ਏ।
ਇੱਕੋ ਸ਼ਬਦ ਅੰਦਰ ਸੱਭੇ ਬਰਕਤਾਂ ਨੇ,
ਸ਼ਬਦ-ਰੱਤਿਆ ਕਦੇ ਨਾ ਡੋਲ੍ਹਦਾ ਏ।

4.

ਸ਼ਬਦ ਵਿੱਚ ਡੁੱਬੇ ਤਾਈਂ ਪਿਤਾ ਕਾਲੂ,
ਕਿਹਾ, "ਲਾਹੇ ਦਾ ਕਰੀਂ ਵਪਾਰ ਨਾਨਕ।
ਆਹ ਲੈ ਵੀਹ ਰੁਪਈਏ ਦੀ ਨਕਦ ਪੂੰਜੀ,
ਦੂਣੀ ਹੋਵੇ ਐਸੀ ਕਰੀਂ ਕਾਰ ਨਾਨਕ।"
ਭੁੱਖੇ ਮਿਲੇ ਸਾਧੂ ਜਿਹੜੇ ਨਾਮ ਜਪਦੇ,
ਨਾਲ ਸ਼ਬਦ ਦੇ ਕੀਤੇ ਸਰਸ਼ਾਰ ਨਾਨਕ।
ਸੌਦਾ ਸੱਚ ਦਾ ਕੀਤਾ ਰੂਹ ਨਾਲ ਐਸਾ,
ਵੰਡ ਛਕਣ ਦਾ ਕੀਤਾ ਪ੍ਰਚਾਰ ਨਾਨਕ।

5.

ਕੰਢੇ ਵੇਈਂ ਤੋਂ ਸ਼ਬਦ ਦੀ ਧੁਨ ਉੱਠੀ,
ਫ਼ੇਰ ਆਈ ਨਾ ਕਿਸੇ ਹਿਸਾਬ ਅੰਦਰ।
ਗੁਰਮੁਖ ਖੋਜਣ ਲਈ ਚੱਲਿਆ ਯਾਤਰਾ 'ਤੇ,
ਸ਼ਬਦ ਗੂੰਜ ਦਾ ਝੂਮ-ਰਬਾਬ ਅੰਦਰ।
ਸ਼ਬਦ ਨਾਲ ਹੀ ਸਿਫ਼ਤ ਸਲਾਹ ਉਹਦੀ,

ਪ੍ਰਸ਼ਨ ਜੱਗ ਦੇ, ਸ਼ਬਦ-ਜਵਾਬ ਅੰਦਰ।
ਏਸੇ ਸ਼ਬਦ ਨੇ ਚਹੁੰਆਂ ਉਦਾਸੀਆਂ ਵਿਚ,
ਕੰਡੇ ਬਦਲੇ ਨੇ ਸੱਭੇ ਗੁਲਾਬ ਅੰਦਰ।

6.
ਸਿੱਧ ਹੋਏ ਸਿੱਧੇ ਹਉਮੈ ਛੱਡ ਕੇ ਤੇ,
ਬਾਣ ਸ਼ਬਦ ਦਾ ਬਾਬੇ ਨੇ ਮਾਰਿਆ ਸੀ।
ਸ਼ਬਦ ਸੁਣ ਕੇ ਠੱਗ ਵੀ ਬਣੇ ਸੱਜਣ,
ਕਿਧਰੇ ਭੂਮੀਏ ਚੋਰ ਨੂੰ ਤਾਰਿਆ ਸੀ।
ਮਲਕ ਭਾਗੋ ਦੀ ਲੁੱਟ ਦੇ ਖਾਣਿਆਂ ਨੂੰ,
ਉਹਦੇ ਸ਼ਬਦ ਨੇ ਕਿੱਦਾਂ ਨਕਾਰਿਆ ਸੀ।
ਹੱਥੀਂ ਕਿਰਤ ਨੂੰ ਦੇ ਕੇ ਵਡਿਆਈ ਦਾਤਾ,
ਸ਼ਬਦ ਰਾਹੀਂ ਹੀ ਲਾਲੋ ਸਤਿਕਾਰਿਆ ਸੀ।

7.
ਵਲ਼, ਵਲੀ ਕੰਧਾਰੀ ਦੇ ਸ਼ਬਦ ਕੱਢੇ,
ਸ਼ਬਦ ਬਿਨਾਂ ਤਾਂ ਪੱਤਾ ਵੀ ਹੱਲਦਾ ਨਾ।
ਜਿੱਥੇ ਸ਼ਬਦ ਸੰਗੀਤ ਵਿੱਚ ਵੱਜਦਾ ਸੀ,
ਜਾਦੂਗਰਨੀਆਂ ਦਾ ਜਾਦੂ ਚੱਲਦਾ ਨਾ।
ਸ਼ਬਦ ਆਖਿਆ ਬਾਬਰ ਨੂੰ ਜਦੋਂ ਜਾਬਰ,
ਠੰਡਾ ਹੋ ਗਿਆ, ਚੋਟ ਨੂੰ ਝੱਲਦਾ ਨਾ।
ਰਾਇ-ਬੁਲਾਰ ਦੇ ਸੀਨੇ ਵਿੱਚ ਛੇਕ ਹੋਏ,
ਤਾਹੀਂ ਸ਼ਬਦ ਦੀ ਆਖੀ ਉਹ ਥੱਲਦਾ ਨਾ।

8.
ਪੁਰੀ ਮੰਦਰ ਦੇ ਸੰਖ ਵਿੱਚ ਸ਼ਬਦ ਪੁੱਜਾ,
ਸਭ ਪ੍ਰਭੂ ਦੀ ਆਰਤੀ ਗਾਉਣ ਲੱਗੇ।
ਮਸਜਿਦ ਵਿੱਚ ਜਾਂ ਸ਼ਬਦ ਨੇ ਬਾਂਗ ਦਿੱਤੀ,
ਕਾਜ਼ੀ ਮੌਲਵੀ ਸੁਰਤ ਟਿਕਾਉਣ ਲੱਗੇ।
ਕਿੱਧਰੇ ਜੋਗੀਆਂ ਨਾਥਾਂ ਦੇ ਕੋਲ ਜਾ ਜਾ,
ਲੱਖਾਂ ਧਰਤ-ਪਤਾਲ ਸਮਝਾਉਣ ਲੱਗੇ।
ਹਿਰਦੇ ਜੋ ਜੋ ਭਿੰਨੇ ਸੀ ਸ਼ਬਦ ਸੱਚੇ,
ਉਹ ਸੱਚ-ਆਚਾਰ ਵੱਲ ਆਉਣ ਲੱਗੇ।

9.
ਗ੍ਰਿਹਸਥੀ ਬਣ ਕਰਤਾਰਪੁਰ ਆਣ ਕੇ ਤੇ,
ਯਾਦ ਕੀਤਾ ਸੀ ਓਸ ਕਰਤਾਰ ਤਾਈਂ।
ਖੇਤੀ ਕਰਕੇ ਦੱਸਿਐ ਆਪ ਹੱਥੀਂ,
ਨਾਮ ਬੀਜਣਾ ਕਿਵੇਂ ਸੰਸਾਰ ਤਾਈਂ।
ਹੱਥ ਕਾਰ ਵੱਲੇ ਦਿਲ ਦਿਲਦਾਰ ਵੱਲੇ,
ਉੱਚਾ ਰੱਖਣਾ ਸਦਾ ਕਿਰਦਾਰ ਤਾਈਂ।
ਸੁਰਤ ਸ਼ਬਦ ਨਾਲ ਜੋੜ "ਰੁਪਾਲ" ਤੂੰ ਵੀ,
ਭੁੱਲ ਜਾਵੀਂ ਨਾ ਨਾਨਕ-ਨਿਰੰਕਾਰ ਤਾਈਂ।

ਗੁਰੂ ਗੋਬਿੰਦ ਸਿੰਘ ਜੀ ਦਾ ਦਰਵੇਸ਼ੀ ਰੂਪ - A Lecture discussion by
**ਸਰਦਾਰ ਜਸਵਿੰਦਰ ਸਿੰਘ ਰੁਪਾਲ** (Calgary, Canada)
https://www.youtube.com/watch?v=x5TcbiCfjqw

# ਖੋਜ ਭਰਪੂਰ ਲੇਖਾਂ ਦਾ ਅਨਮੋਲ ਖਜ਼ਾਨਾ

# 'ਕੀਤੋਸੁ ਆਪਣਾ ਪੰਥ ਨਿਰਾਲਾ'

ਬਹੁਪੱਖੀ ਸ਼ਖ਼ਸੀਅਤ ਦਾ ਮਾਲਕ, ਸਾਹਿਤਕਾਰ ਜਸਵਿੰਦਰ ਸਿੰਘ ਰੁਪਾਲ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਹਾਲ ਹੀ ਵਿੱਚ, ਉਸ ਦੀਆਂ ਦੋ ਪੁਸਤਕਾਂ- 'ਕੀਤੋਸੁ ਆਪਣਾ ਪੰਥ ਨਿਰਾਲਾ'-ਗੁਰਮਤਿ ਲੇਖ ਅਤੇ 'ਰਸੀਲਾ ਕਾਵਿ'- ਛੰਦ ਬੱਧ ਕਵਿਤਾਵਾਂ- 2023 ਵਿੱਚ, ਉਸ ਦੀ ਰਿਟਾਇਰਮੈਂਟ ਤੇ ਛਪ ਕੇ ਪਾਠਕਾਂ ਦੇ ਹੱਥਾਂ ਵਿੱਚ ਆਈਆਂ ਹਨ। ਪਰ ਉਸ ਦੀ ਸਾਹਿਤਕ ਸਫ਼ਰ ਤਾਂ ਬਹੁਤ ਪਹਿਲਾਂ 1983 ਤੋਂ ਹੀ ਸ਼ੁਰੂ ਹੋ ਗਿਆ ਸੀ। ਬੜੀ ਦੇਰ ਤੋਂ ਅਸੀਂ ਉਹਨਾਂ ਨੂੰ ਦੇਸ਼ ਵਿਦੇਸ਼ ਦੇ ਅਖ਼ਬਾਰਾਂ ਰਸਾਲਿਆਂ ਵਿੱਚ ਪੜ੍ਹਦੇ ਆਏ ਹਾਂ। ਉਹਨਾਂ ਦੀਆਂ ਮੌਲਿਕ ਪੁਸਤਕਾਂ ਆਉਣ ਤੋਂ ਪਹਿਲਾਂ, ਉਹਨਾਂ ਦੀਆਂ ਲਿਖਤਾਂ ਕਈ ਸਾਂਝੇ ਸੰਗ੍ਰਹਿਆਂ ਦਾ ਸ਼ਿੰਗਾਰ ਬਣ ਚੁਕੀਆਂ ਹਨ। ਉਹ ਆਮ ਲਿਖਾਰੀਆਂ ਵਾਂਗ, ਕਾਹਲੀ ਵਿੱਚ ਪੁਸਤਕ ਛਪਵਾਉਣ ਦੇ ਹੱਕ ਨਹੀਂ ਹੈ। ਸਗੋਂ ਉਹ ਆਪਣੀ ਹਰ ਲਿਖਤ ਪਹਿਲਾਂ ਸੋਸ਼ਲ ਜਾਂ ਪਰਿੰਟ ਮੀਡੀਆ ਰਾਹੀਂ, ਪਾਠਕਾਂ ਦੀ ਕਚਹਿਰੀ ਵਿੱਚ ਮਨਜ਼ੂਰ ਕਰਾਉਂਦਾ ਹੈ, ਉਸਤਾਦਾਂ ਤੋਂ ਸੇਧ ਲੈਂਦਾ ਹੈ- ਤੇ ਫਿਰ ਕਿਤਾਬੀ ਰੂਪ ਦਿੰਦਾ ਹੈ।

ਅੱਜ ਆਪਾਂ ਉਹਨਾਂ ਦੀ ਗੁਰਮਤਿ ਲੇਖਾਂ ਦੀ ਪੁਸਤਕ ਦੀ ਹੀ ਗੱਲ ਕਰਾਂਗੇ। 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜ੍ਹਕ ਦੇ ਨਾਲ' ਦੇ ਕਥਨ ਅਨੁਸਾਰ, ਉਸ ਦੀ ਜ਼ਿੰਦਗੀ ਵਿੱਚ ਵੀ ਸਹਿਜ ਹੈ ਤੇ ਲਿਖਤਾਂ ਵਿੱਚ ਵੀ। ਉਸ ਦੀਆਂ ਬਹੁਤੀਆਂ ਲਿਖਤਾਂ ਉਸ ਦੇ ਹੱਢੀਂ ਹੰਡਾਏ ਹੋਏ ਸੱਚ ਤੇ ਅਧਾਰਿਤ ਹਨ। ਉਹ ਬਹੁ-ਵਿਧਾਈ ਲੇਖਕ ਹੈ। ਸ਼ਾਇਰ, ਕਹਾਣੀਕਾਰ, ਗ਼ਜ਼ਲਗੋ, ਗੀਤਕਾਰ ਅਤੇ ਵਾਰਤਾਕਾਰ ਹੋਣ ਤੋਂ ਇਲਾਵਾ, ਉਹ ਇੱਕ ਵਧੀਆ ਅਲੋਚਕ ਵੀ ਹੈ। ਉਸ ਨੇ ਧਰਮ ਅਧਿਅਨ ਦੇ ਕਈ ਗੁਰਮਤਿ ਕੋਰਸ ਕੀਤੇ ਹੋਏ ਹਨ ਤੇ ਅਜੇ ਕਰ ਵੀ ਰਿਹਾ ਹੈ। ਇੱਕ ਹੋਰ ਖੁਸ਼ੀ ਤੇ ਤਸੱਲੀ ਵਾਲੀ ਗੱਲ ਇਹ ਹੈ ਕਿ- ਉਹ ਖੋਜੀ ਬਿਰਤੀ ਦਾ ਮਾਲਕ ਹੈ। ਉਸ ਦੀ ਪਲੇਠੀ ਵਾਰਤਕ ਦੀ ਪੁਸਤਕ- 'ਕੀਤੋਸੁ ਆਪਣਾ ਪੰਥ ਨਿਰਾਲਾ' ਦੇ ਬਹੁਤੇ ਲੇਖਾਂ ਵਿੱਚੋਂ ਉਸ ਦੀ ਲਗਨ ਤੇ ਮਿਹਨਤ, ਬਾਖੂਬੀ ਝਲਕਦੀ ਹੈ।

ਰੁਪਾਲ ਜੀ ਨੂੰ ਮੈਂ ਕਈ ਔਨਲਾਈਨ ਪਰੋਗਰਾਮਾਂ ਵਿੱਚ, ਮਿੰਨੀ ਕਹਾਣੀ ਜਾਂ ਕਵਿਤਾ ਪੜ੍ਹਦੇ ਹੋਏ ਸੁਣਿਆਂ ਹੋਇਆ ਸੀ। ਪਰ ਇਸ ਸਾਲ ਉਹਨਾਂ ਨੂੰ ਕੈਲਗਰੀ ਵਿਖੇ ਮਿਲਣ, ਸੁਣਨ ਤੇ ਉਹਨਾਂ ਦੀਆਂ ਪੁਸਤਕਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਕ ਗੁਰਸਿੱਖ ਹੋਣ ਦੇ ਨਾਤੇ, ਇਸ ਪੁਸਤਕ ਦੇ ਲੇਖਾਂ ਵਿੱਚੋਂ ਉਹਨਾਂ ਦੀ ਗੁਰਬਾਣੀ ਪ੍ਰਤੀ ਸ਼ਰਧਾ, ਗਿਆਨ ਤੇ ਆਸਥਾ ਬਾਖੂਬੀ ਝਲਕਦੀ ਹੈ। ਸਾਇੰਸ ਦਾ ਵਿਦਿਆਰਥੀ ਤੇ ਅਧਿਆਪਕ ਹੋਣ ਕਾਰਨ, ਉਹ ਹਰ ਨੁਕਤਾ ਵਿਗਆਨਕ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ- ਪਰ ਉਸ ਦਾ ਤਰਕ ਕਾਮਰੇਡਾਂ ਵਾਲਾ ਨਹੀਂ। ਉਹ ਦਲੀਲ ਨਾਲ ਹਰ ਗੱਲ ਸਮਝਾਉਂਦਾ ਹੈ। ਵੱਖ ਵੱਖ ਵਿਸ਼ਿਆਂ ਦੀ ਯੋਗਤਾ ਹੋਣ ਕਾਰਨ- ਉਸ ਦੇ ਗਿਆਨ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਪੁਸਤਕ ਵਿੱਚ 30 ਲੇਖ ਹਨ- ਜਿਹਨਾਂ ਦੇ ਵੰਨ ਸੁਵੰਨੇ ਵਿਸ਼ੇ, ਸੰਸਾਰਕ ਤੇ ਅਧਿਆਤਮ ਦੇ ਮਾਰਗ ਤੇ ਸਾਨੂੰ ਸਹੀ ਦਿਸ਼ਾ ਪ੍ਰਦਾਨ ਕਰਦੇ ਹਨ। ਉਹ ਹਰ ਗੱਲ ਗੁਰਬਾਣੀ ਦੀ ਕਸਵੱਟੀ ਤੇ ਪਰਖਦਾ ਹੈ- ਤੇ ਗੁਰਬਾਣੀ ਦੀਆਂ ਟੂਕਾਂ ਦੇ ਕੇ ਉਸ ਨੂੰ ਸਪਸ਼ਟ ਕਰਦਾ ਹੈ।

ਸਾਡੇ ਗੁਰੂ ਸਾਹਿਬ ਨੇ ਸਾਨੂੰ ਸਿੱਖ ਬਣਾਇਆ ਹੈ- ਤੇ ਆਪਾਂ ਸਾਰੀ ਉਮਰ ਸਿੱਖਦੇ ਹੀ ਰਹਿਣਾ ਹੈ। ਜਸਵਿੰਦਰ ਸਿੰਘ ਰੁਪਾਲ ਵੀ ਸਿੱਖਣ ਦੀ ਪ੍ਰਵਿਰਤੀ ਦਾ ਮਾਲਕ ਹੈ। ਉਹ ਆਪਣੇ ਆਪ ਨੂੰ ਗੁਰਮਤਿ ਦਾ ਵਿਦਿਆਰਥੀ ਹੀ ਸਮਝਦਾ ਹੈ- ਤੇ ਅਨੁਭਵੀ ਸੱਜਣਾ ਤੋਂ ਸੇਧ ਲੈਂਦਾ ਰਹਿੰਦਾ ਹੈ। ਉਸ ਦੀ ਹਥਲੀ ਪੁਸਤਕ ਲਗਦੀ ਨਹੀਂ ਕਿ- ਉਸ ਦੀ ਪਹਿਲੀ ਪੁਸਤਕ ਹੈ। ਇਸ ਦੇ ਪਹਿਲੇ ਲੇਖ 'ਅੱਖੀਂ ਬਾਝਹੁ ਵੇਖਣਾ' ਤੋਂ 'ਸਾਚੀ ਰਹਤ ਸਾਚਾ ਮਨਿ ਸੋਈ' ਤੱਕ ਦੇ ਸਾਰੇ ਲੇਖ ਇੰਨੇ ਦਿਲਚਸਪ ਤੇ ਜਾਣਕਾਰੀ ਭਰਪੂਰ ਹਨ ਕਿ- ਪਾਠਕ ਨੂੰ ਉਂਗਲੀ ਫੜ ਕੇ ਆਪਣੇ ਨਾਲ ਤੋਰੀ ਰੱਖਦੇ ਹਨ। ਪੁਸਤਕ ਨੂੰ ਸ਼ੁਰੂ ਕਰਕੇ ਹਟਣ ਨੂੰ ਮਨ ਨਹੀਂ ਕਰਦਾ- ਇਹੀ ਇਸ ਪੁਸਤਕ ਦੀ ਪ੍ਰਾਪਤੀ ਹੈ। ਇਸ ਦੇ ਲੇਖਾਂ ਵਿੱਚ ਜਿੱਥੇ- ਗੁਰਬਾਣੀ ਵਿੱਚ ਪਾਈਆਂ ਬੁਝਾਰਤਾਂ ਤੇ ਉਹਨਾਂ ਦੇ ਦਿੱਤੇ ਉੱਤਰ, ਗੁਰਬਾਣੀ ਦੀ ਸ਼ਬਦਾਵਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਤਰਤੀਬ ਤੇ ਜੁਗਤਾਂ, ਗੁਰਬਾਣੀ ਵਿੱਚ ਦੱਸੀ ਜੀਵਨ ਜਾਚ, ਗੁਰਮਤਿ ਵਿੱਚ ਕਰਾਮਾਤਾਂ ਦਾ ਸਥਾਨ, ਗੁਰੂ ਨਾਨਕ ਬਾਣੀ ਦੇ ਵੱਖ ਵੱਖ ਪਹਿਲੂ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਗੁਰੂ ਅਰਜਨ ਦੇਵ ਜੀ, ਭਗਤ ਰਵਿਦਾਸ ਜੀ ਦੇ ਜੀਵਨ ਤੇ ਬਾਣੀ ਬਾਰੇ- ਬਹੁਤ ਸੁਚੱਜੇ ਢੰਗ ਨਾਲ ਰੌਸ਼ਨੀ ਪਾਈ ਗਈ ਹੈ- ਉਥੇ ਸਿੱਖਾਂ ਨੂੰ ਕੌਮੀ ਦਿਹਾੜੇ ਮਨਾਉਣ ਦਾ ਸੁਝਾਅ, ਕੁਦਰਤ ਵਿੱਚ ਕਾਦਰ ਦੀ ਹੋਂਦ, ਪੰਜਾਂ ਦਾ ਸੰਕਲਪ, ਵਿਚਾਰ ਸੰਸਕਾਰ ਤੇ ਕਿਰਦਾਰ, ਕਮਿਊਨਿਜ਼ਮ ਬਨਾਮ ਗੁਰਮਤਿ- ਸਮੇਤ ਬਹੁਤ ਸਾਰੇ ਹੋਰ ਵਿਸ਼ਿਆਂ ਤੇ ਵੀ ਆਪਣਾ ਅਨੁਭਵ ਤੇ ਗਿਆਨ ਸਾਂਝਾ ਕੀਤਾ ਹੈ। ਪੁਸਤਕ ਦੀ ਛਪਾਈ ਤੇ ਫੌਂਟ ਵੀ ਵਧੀਆ ਹੈ- ਪਰ ਕਿਤੇ ਕਿਤੇ ਪਰੂਫ ਰੀਡਿੰਗ ਦੀ ਘਾਟ ਜਰੂਰ ਰੜਕਦੀ ਹੈ- ਜਿਸ ਦੀ ਅਗਲੇ ਐਡੀਸ਼ਨ ਵਿੱਚ ਸੁਧਾਈ ਹੋਣ ਦੀ ਉਮੀਦ ਹੈ।

ਇਸ ਦਾ ਲੇਖ- 'ਕੀਤੋਸੁ ਆਪਣਾ ਪੰਥ ਨਿਰਾਲਾ', ਤਾਂ ਪੁਸਤਕ ਦੀ ਸ਼ਾਹਕਾਰ ਰਚਨਾ ਹੈ। ਇਸ ਵਿੱਚ ਬਾਬੇ ਨਾਨਕ ਦੇ ਚਲਾਏ 'ਨਿਰਮਲ ਪੰਥ' ਦੀ ਬਹੁਤ ਸੁਹਣੀ ਵਿਆਖਿਆ ਕੀਤੀ ਹੈ। ਭਾਈ ਗੁਰਦਾਸ ਜੀ ਦੇ ਕਥਨ- 'ਨਾਨਕ ਨਿਰਮਲ ਪੰਥ ਚਲਾਇਆ' ਅਨੁਸਾਰ- ਰੁਪਾਲ ਇਸ ਨੂੰ ਇੱਕ ਧਰਮ ਨਾਲ ਨਹੀਂ, ਸਗੋਂ ਸਮੁੱਚੀ ਲੋਕਾਈ ਨਾਲ ਜੋੜ ਕੇ ਦੇਖਦਾ ਹੈ। ਸਚਮੁੱਚ ਬਾਬੇ ਨਾਨਕ ਦਾ ਉਪਦੇਸ਼ ਕੇਵਲ ਇੱਕ ਫਿਰਕੇ ਲਈ ਨਹੀਂ- ਕੁੱਲ ਮਾਨਵਤਾ ਲਈ ਇਕ ਸੁਚੱਜੀ ਜੀਵਨ ਜਾਚ ਹੈ। ਉਸ ਨੇ ਇਸ ਵਿਚਾਰ ਨੂੰ ਗੁਰਬਾਣੀ ਦਾ ਆਸਰਾ ਲੈ ਕੇ ਸਪਸ਼ਟ ਕੀਤਾ ਹੈ। ਇਸ ਲੇਖ ਤੇ ਪੁਸਤਕ ਦਾ ਨਾਮ ਰੱਖਣਾ ਵੀ, ਉਸ ਦੀ ਚੰਗੀ ਸੂਝ ਬੂਝ ਦਾ ਨਤੀਜਾ ਹੈ।

ਇਹ ਪੁਸਤਕ ਹਰ ਜਗਿਆਸੂ ਲਈ ਬੇਸ਼ਕੀਮਤੀ ਹੈ। ਗੁਰਮਤਿ ਦੇ ਖੋਜੀ ਵਿਦਿਆਰਥੀਆਂ ਲਈ ਇਹ ਪੁਸਤਕ ਇੱਕ ਮੀਲ ਪੱਥਰ ਸਾਬਤ ਹੋਏਗੀ। ਇਸ ਦੇ ਪਹਿਲੇ ਐਡੀਸ਼ਨ ਦਾ ਇੰਨੀ ਜਲਦੀ ਖਤਮ ਹੋ ਜਾਣਾ ਹੀ, ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੈ। ਮੈਂ ਜਸਵਿੰਦਰ ਸਿੰਘ ਰੁਪਾਲ ਜੀ ਦੀ ਘਾਲਣਾ ਨੂੰ ਸਲਾਮ ਕਰਦੀ ਹੋਈ, ਇਸ ਵਾਰਤਕ ਦੀ ਪੁਸਤਕ ਨੂੰ 'ਜੀ ਆਇਆਂ' ਕਹਿੰਦੀ ਹਾਂ ਅਤੇ ਮਾਂ ਬੋਲੀ ਪੰਜਾਬੀ ਦੇ ਹਰ ਪਾਠਕ ਨੂੰ, ਇਹ ਪੁਸਤਕ ਪੜ੍ਹਨ ਦੀ ਗੁਜ਼ਾਰਿਸ਼ ਕਰਦੀ ਹਾਂ।

ਮੈਨੂੰ ਆਸ ਹੀ ਨਹੀਂ ਸਗੋਂ ਵਿਸ਼ਵਾਸ ਹੈ ਕਿ- ਇਹ ਕਲਮ ਆਉਣ ਵਾਲੇ ਸਮੇਂ ਵਿੱਚ, ਚੜ੍ਹਦੀ ਕਲਾ ਵਿੱਚ ਰਹਿ ਕੇ, ਧਾਰਮਿਕ ਪੰਜਾਬੀ ਸਾਹਿਤ ਦੀ ਆਬ ਨੂੰ ਹੋਰ ਲਿਸ਼ਕਾਵੇਗੀ !

ਇੰਦਰਜੀਤ ਸਿੰਘ ਮੁੱਲਾਂਪੁਰ

ਕਨੇਡਾ ਦੇਸ਼ ਵਿਦੇਸ਼ ਟਾਇਮਜ਼

ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ

ਗੁਰਦੀਸ਼ ਕੌਰ ਗਰੇਵਾਲ,
ਕੈਲਗਰੀ
+1 403 404 1450



VID-20231226-WA0009.mp4

‘ਨਾਨਕ ਨਿਰਮਲ ਪੰਥ ਚਲਾਇਆ’

ਸਰਦਾਰਨੀ ਅਮ੍ਰਿਤਪਾਲ ਕੌਰ ਖਾਲਸਾ, ਜਲੰਧਰ (ਭਾਰਤ)


ਭਾਈ ਗੁਰਦਾਸ ਜੀ ਜਗਤ ਗੁਰੂ ਧੰਨ ਗੁਰੂ ਨਾਨਕ ਦੇਵ ਜੀ ਬਾਰੇ ਲਿਖਦੇ ਹਨ:

‘ਮਾਰਿਆ ਸਿੱਕਾ ਜਗਤ ਵਿੱਚ, ਨਾਨਕ ਨਿਰਮਲ ਪੰਥ ਚਲਾਇਆ।(1)

ਗੁਰੂ ਬਾਬਾ ਜੀ ਅਤਿ ਸਲਾਹੁਣ ਯੋਗ ਸ਼ਖਸੀਅਤ ਸਨ। ਔਝੜ ਪਈ ਦੁਨੀਆਂ ਨੂੰ ਸੱਚਾ ਮਾਰਗ ਦਿਖਾਉਣ ਵਾਲੇ ਅਨਮੋਲ ਹਸਤੀ ਹਨ ਜਿੰਨ੍ਹਾਂ ਨੇ ਸਖ਼ਤ ਅਤੇ ਕੁਰੱਖਤ ਤੱਤਾਂ ਨੂੰ ਆਪਸ ਵਿੱਚ ਜੋੜਿਆ। ਨੇਕੀ ਨਾਨਕ ਦਾ ਉੱਤਮ ਗਹਿਣਾ ਹੈ। ਉਹ ਇਖਲਾਕੀ ਹੌਂਸਲੇ ਵਾਲੇ ਮਹਾਨ ਗੁਰੂ ਨਾ ਚੁੱਪ ਰਹਿਣ ਵਾਲੀ ਆਤਮਾ ਹੈ।

ਸੱਚੇ ਸਤਿਗੁਰੂ ਜੀ ਵੱਡੀ ਕਾਮਯਾਬੀ ਹਨ, ਆਪ ਦੇ ਪਰਵਚਨ ਸਾਂਝੀ ਸੰਪਤੀ ਹਨ। ਜਿੰਨ੍ਹਾਂ ਨੇ ਝਗੜਿਆਂ ਅਤੇ ਬਖੀਲੀ ਨੂੰ ਪਿਆਰ ਦੇ ਰੰਗ ਵਿੱਚ ਰੰਗਿਆ, ਅਨੇਕਤਾਵਾਂ ਨੂੰ ਏਕਤਾ ਵਿੱਚ ਪਰੋਇਆ।

ਗੁਰੂ ਦਾ ਨਾਨਕ ਸੰਦੇਸ਼ ਸਾਰੇ ਇਨਸਾਨਾਂ ਲਈ ਹੈ ਇਸੇ ਲਈ ਆਪ ਜੀ ਨੂੰ ‘ਜਗਤ ਗੁਰੂ” Guru of Human Race” ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ‘ਜਗਤ ਗੁਰੂ ਗੁਰ ਨਾਨਕ ਦੇਉ।(2)।



ਤਿੱਬਤੀ ਆਪ ਨੂੰ ‘ਲਾਮਾ”, ਸ੍ਰੀ ਲੰਕਾ ਵਿੱਚ ‘ਨਾਨਕ ਬੁੱਧਾ’, ਅਰਬ ਦੇਸ਼ਾਂ ਵਿੱਚ ‘ਨਾਨਕ ਪੀਰ’, ਰੂਸ ਅਤੇ ਅਫ਼ਗਾਨਿਸਤਾਨ ਵਿੱਚ ‘ਵਲੀ ਹਿੰਦ ਬਾਬਾ ਨਾਨਕ’ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਜਿੰਨੀ ਸਰਬ ਵਿਆਪੀ ਮਾਨਤਾ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਈ ਹੈ ਹੋਰ ਕਿਸੇ ਪੀਰ ਵਲੀ ਦੇ ਹਿੱਸੇ ਨਹੀਂ ਆਈ। ਉਨ੍ਹਾਂ ਦੇ ਵਿਚਾਰ ਇਲਾਹਮੀ, ਅੰਤਰਦਰਸ਼ੀ ਅਤੇ ਅਨੁਭਵ ਸਵੈ-ਪ੍ਰਾਪਤ ਸੀ। ‘ਨਾਨਕ ਰਾਜੁ ਚਲਾਇਆ ਸਚੁ ਕੋਟ ਸਤਾਣੀ ਨੀਵਦੇ’॥(3)।

ਇੱਕ ਅੰਗਰੇਜ਼ ਲੇਖਕਾ ਪੀ. ਐਮ. ਵਾਈਲਮ ਆਪਣੀ ਪੁਸਤਕ ਵਿੱਚ ਗੁਰੂ ਸਾਹਿਬ ਬਾਰੇ ਇੰਜ ਲਿਖਦੀ ਹੈ।

"ਉਨ੍ਹਾਂ ਦੀ ਸਾਧਾਰਨ ਜਿਹੀ ਹੀ ਆਸਥਾ ਸੀ। -ਇੱਕ ਪਰਮਾਤਮਾ ਵਿੱਚ ਵਿਸ਼ਵਾਸ ਅਤੇ ਸਰਲ ਜਿਹਾ ਧਾਰਮਿਕ ਅਮਲ ਸੀ - ਪਰਮਾਤਮਾ ਦਾ ਨਾਮ ਜਪਣਾ" ।(4)।

1.ਆਤਮਿਕ ਗਿਆਨ : ਆਪ ਜੀ ਦਾ ਬਖ਼ਸ਼ਿਆ ਗਿਆਨ ਅਤਿ ਢੁਕਵਾਂ ਹੈ।ਆਪ ਨੇ ਸ਼ੁਭ ਗੁਣਾਂ-ਨਿਮਰਤਾ, ਸ਼ਰਧਾ, ਸਚਾਈ, ਨੇਕ ਨੀਤੀ, ਮਨ ਦੀ ਸ਼ੁਧਤਾ, ਨੇਕ ਕਿਰਤ ਕਮਾਈ, ਵੰਡ ਛਕਣ ਦੀ ਭਾਵਨਾ ਅਤੇ ਆਪਸੀ ਬਰਾਬਰੀ ਉੱਤੇ ਜ਼ੋਰ ਦਿੱਤਾ ਅਤੇ ਜਾਤ ਪਾਤ, ਫੋਕਟ ਰਸਮ ਰਿਵਾਜ਼, ਵਹਿਮਾਂ ਭਰਮਾਂ ਅਤੇ ਲਿੰਗ ਵਖਰੇਵਿਆਂ ਦਾ ਜ਼ੋਰਦਾਰ ਖੰਡਨ ਕੀਤਾ। ਨਾਨਕ ਪਾਤਸ਼ਾਹ ਜੀ ਦੀ ਕਾਵਿਕ ਬਾਣੀ ਰੱਬੀ ਹੁਲਾਰੇ ਦਾ ਕ੍ਰਿਸ਼ਮਾ ਹੈ।

ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ
ਬੈਸਣ ਪਾਈਐ॥(5)।

2. ਮੂਲ ਮੰਤਰ : ਗੁਰੂ ਨਾਨਕ ਸਾਹਿਬ ਦੁਆਰਾ ਬਖ਼ਸ਼ਿਆ ਮੂਲ ਮੰਤਰ ਜੋ ਕਿ 'ੴ' ਤੋਂ 'ਗੁਰ ਪਰਸਾਦਿ' ਤੱਕ ਹੇ ਸਿੱਖ ਧਰਮ ਨੂੰ ਮਹਾਨ ਦੇਣ ਹੈ। ਜਿੱਥੇ ਮੂਲ ਮੰਤਰ ਦਾ ਭਾਵ ਪ੍ਰਭੂ ਦੀ ਏਕਤਾ, ਵਿਆਪਕਤਾ ਅਤੇ ਕਰਤਾਰੀ ਰਹੱਸ ਹੈ ਉੱਥੇ ਇਸ ਦੇ ਉਚਾਰਣ ਨਾਲ ਰੱਬੀ ਸਾਂਝ ਪ੍ਰਾਪਤ ਹੁੰਦੀ ਹੈ ਅਤੇ ਹਉਮੈ ਕਾਰਣ ਪੈਦਾ ਦੂਈ ਅਤੇ ਮਾਰੂ ਵਿੱਥ ਤੋਂ ਬਚਾਉਂਦੀ ਹੈ। ਮੂਲ ਮੰਤਰ ਦੀ ਮਹਾਨਤਾ ਪ੍ਰਗਟਾਉਂਦੇ ਹੋਏ ਅਜੋਕੇ ਸਮੇਂ ਦੇ ਪ੍ਰਸਿੱਧ ਕਵੀ ਸ੍ਰ. ਕਰਮਜੀਤ ਸਿੰਘ ਜੀ 'ਨੂਰ' ਲਿਖਦੇ ਹਨ:

ਧੁਰ ਕੀ ਬਾਣੀ ਦਾ ਓਦੋਂ ਸੀ ਮੁਢ ਬੱਝਾ, ਬਾਬੇ ਜਦੋਂ ਉਚਾਰਿਆ ਮੂਲ ਮੰਤਰ।

ਬਾਦ ਏਸ ਤੋਂ ਜਪੁਜੀ ਦੀ ਰਚੀ ਬਾਣੀ ਜਪੁਜੀ ਵਿੱਚ ਵਿਸਥਾਰਿਆ ਮੂਲ ਮੰਤਰ।

ਦੇਸ਼ ਵਿਦੇਸ਼ ਦਾ ਪੈਦਲ ਭ੍ਰਮਣ ਕਰ ਕੇ, ਜਗਤ ਵਿੱਚ ਪ੍ਰਚਾਰਿਆ ਮੂਲ ਮੰਤਰ।

ਉਹਨੂੰ ਪ੍ਰਭੂ ਦੇ ਹੋਣ ਪ੍ਰਤੱਖ ਦਰਸ਼ਨ, ਜਿਹਨੇ ਹਿਰਦੇ ਵਿੱਚ ਧਾਰਿਆ ਮੂਲ ਮੰਤਰ'।(6)।

3. ਰਬਾਬ ਨਾਲ ਕ੍ਰਾਂਤੀ : ਗੁਰੂ ਨਾਨਕ ਸਾਹਿਬ ਨੇ 35,000 ਮੀਲ ਪੈਦਲ ਸਫ਼ਰ ਕੀਤਾ ਅਤੇ ਜਗਤ ਜਲੰਦੇ ਨੂੰ ਠਾਰਨ ਹਿੱਤ ਸ਼ਬਦ ਅਤੇ ਰਬਾਬ ਨਾਲ ਕ੍ਰਾਂਤੀ ਕੀਤੀ। ਆਪ ਜੀ ਦੇ ਜੀਵਨ ਦਾ ਉਦੇਸ਼ ਸੀ, 'ਮਰਦਾਨਾ' (ਹੰਮਤ ਵਾਲਾ ਇਨਸਾਨ) ਪੈਦਾ ਕਰਨਾ। ਉਨ੍ਹਾਂ ਨੇ ਗੁਲਾਮ ਜਨਤਾ ਦੀ ਮੁਰਦਾ ਰੂਹ ਨੂੰ ਸੁਰਜੀਤ ਕੀਤਾ। ਪ੍ਰਸਿੱਧ ਕਵੀ ਡਾ. ਇਕਬਾਲ ਦੇ ਬੋਲ ਹਨ:

ਫਿਰ ਉਠੀ ਆਖਿਰ ਸਦਾਅ ਤੌਹੀਦ ਕੀ
ਪੰਜਾਬ ਸੇ, ਹਿੰਦ ਕੋ ਇਕ ਮਰਦੇ-ਕਾਮਿਲ
ਨੇ ਜਗਾਇਆ ਖੁਆਬ ਸੇ।

ਆਪ ਜੀ ਦੇ ਜਨਮ ਸਮੇਂ ਅਗਿਆਨਤਾ, ਵਹਿਮਾਂ ਤੇ ਕਰਮਕਾਂਡਾਂ ਦਾ ਹਨੇਰਾ ਸੀ।'ਗੁਰ ਨਾਨਕ ਆਮਦ ਨਰਾਇਨ ਸਰੂਪ।'(7)। ਪਰਮਾਤਮਾ ਨੇ ਧਰਤੀ ਦੇ ਜੀਵਾਂ ਦੀ ਪੁਕਾਰ ਸੁਣ ਕੇ ਗਿਆਨ ਦੇ ਸੂਰਜ ਗੁਰੂ ਜੀ ਨੂੰ ਧਰਮ ਦੇ ਆਕਾਸ਼ ਵਿੱਚ ਭੇਜਿਆ। ਆਪ ਜੀ ਨੇ ਨਾਮ ਦਾ ਹੋਕਾ ਦੇ ਕੇ ਲੱਖਾਂ ਪ੍ਰਾਣੀਆਂ ਨੂੰ ਗਿਆਨ ਦਾ ਉਪਦੇਸ਼ ਦਿੱਤਾ।

ਸਿੱਖ ਵਿਦਵਾਨ ਕਵੀ ਭਾਈ ਸੰਤੋਖ ਸਿਘੰ ਜੀ ਲਿਖਦੇ ਹਨ ਕਿ ਬਾਬੇ ਕੋਲ ਗਿਆਨ ਦੀ ਤਲਵਾਰ, ਜੁਗਤੀ ਦੀ ਕਮਾਨ ਅਤੇ ਦਲੀਲਾਂ ਰੂਪੀ ਤੀਰ ਸਨ। ਜੇ ਨਾਮ ਨਾਲ ਜੋੜੇ ਤਾਂ ਕਰਾਮਾਤ 'ਅੰਮ੍ਰਿਤ' ਹੈ ਅਤੇ ਜੇ ਆਪਣੀ ਪੂਜਾ ਕਰਾਏ ਤਾਂ ਕਰਾਮਾਤ ਜ਼ਹਿਰ ਹੁੰਦੀ ਹੈ। ਵਲੀ ਕੰਧਾਰੀ ਦਲੀਲਾਂ ਨਾਲ ਮੰਨਣ ਵਾਲਾ ਨਹੀਂ ਸੀ ਇਸ ਲਈ ਉਸ ਨੂੰ ਕਰਾਮਾਤ ਦਿਖਾਉਣੀ ਜ਼ਰੂਰੀ ਸੀ। ਗੁਰੂ ਜੀ ਨੇ ਪਹਾੜ ਨੂੰ ਪੰਜੇ ਨਾਲ ਰੋਕਿਆ ਜਿੱਥੇ ਕਿ ਗੁਰਦੁਆਰਾ ਪੰਜਾ ਸਾਹਿਬ (ਪਾਕਿਸਤਾਨ) ਸ਼ੋਭਨੀਕ ਹੈ।

4. ਮਹਾਨ ਦਾਰਸ਼ਨਿਕ : 'ਜਪੁਜੀ' ਮਹਾਨ ਸਤਿਗੁਰੂ ਜੀ ਦੀ ਸਾਹਕਾਰ ਰਚਨਾ ਹੈ ਤੇ ਨਿੱਤਨੇਮ ਦੀਆਂ ਬਾਣੀਆਂ ਵਿੱਚ ਪ੍ਰਮੁੱਖ ਸਥਾਨ ਰੱਖਦੀ ਹੈ। ਇਹ ਸਾਰੀ ਗੁਰਬਾਣੀ ਦਾ ਸਾਰ ਹੈ।

'ਜਪੁਜੀ' ਵਿੱਚ ਪ੍ਰਸ਼ਨ ਹ ੈ- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲ॥ ਕੂੜ ਦੀ ਕੰਧ ਕੀ ਹੈ? ਉੱਤਰ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਦਾਨ ਦਿੱਤਿਆਂ, ਤੀਰਥ - ਇਸ਼ਨਾਨ ਕਰਨ ਨਾਲ ਇਹ ਵਿੱਥ ਦੂਰ ਨਹੀਂ ਹੋ ਸਕਦੀ। ਰੱਬ ਦਾ ਹੁਕਮ ਮੰਨਿਆਂ, ਉਸ ਦੀ ਰਜ਼ਾ ਵਿੱਚ ਚੱਲਣ ਨਾਲ ਇਹ ਵਿੱਥ ਦੂਰ ਹੋ ਸਕਦੀ ਹੈ। ਗੁਰ-ਵਾਕ ਹੈ:

ਹੁਕਮਿ ਮੰਨਿਐ ਹੋਵੈ ਪਰਵਾਣ ਤਾ ਖਸਮੈ ਕਾ ਮਹਲੁ ਪਾਇਸੀ॥(8)।

ਹੁਣ ਸੁਆਲ ਉੱਠਦਾ ਹੈ ਕਿ ਕਿਹੜੀ ਬੋਲੀ ਰਾਹੀਂ ਰੱਬ ਨਾਲ ਗੱਲਾਂ ਹੋ ਸਕਦੀਆਂ ਹਨ ? ਉਹ ਹੈ ਪ੍ਰੇਮ ਦੀ ਬੋਲੀ।'ਭਾਖਿਆ ਭਾਉ ਆਪਾਰ'॥ 'ਜਪੁਜੀ' ਦਾ ਅੰਤਲਾ ਸਲੋਕ 'ਪਵਣ ਗੁਰੂ ਪਾਣੀ ਪਿਤਾ' ਬੜਾ ਹੀ ਭਾਵਪੂਰਤ ਹੈ ਜਿਸ ਵਿੱਚ ਹਵਾ, ਪਾਣੀ, ਧਰਤੀ ਦੀ ਮਹੱਤਤਾ ਦਰਸਾਈ ਗਈ ਹੈ। 'ਪਹਿਲਾ ਪਾਣੀ ਜੀਉ ਹੈ ਜਿਤਿ ਹਰਿਆ ਸਭ ਕੋਇ॥9।

ਗੁਰ ਉਪਦੇਸ਼ਾਂ ਤੇ ਅਮਲ ਕਰ ਕੇ ਅਜੋਕੇ ਵਾਤਾਵਰਨ ਪਰਦੂਸ਼ਨ ਤੋਂ ਬਚਿਆ ਜਾ ਸਕਦਾ ਹੈ।

-------------

## ਹਵਾਲੇ ਅਤੇ ਟਿੱਪਣੀਆਂ


1. ਵਾਰ 9 ਪਉੜੀ 45, ਭਾਈ ਗੁਰਦਾਸ ਜੀ
2. ਵਾਰ 24, ਪਉੜੀ 2
3. ਰਾਇ ਬਲਵੰਡ (ਗੁਰੂ ਗ੍ਰੰਥ ਸਾਹਿਬ-966)
4 .An Introduction to Sikh Belief - By P.M. Wilem.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 26
6.'ਨੂਰ' ਕਰਮਜੀਤ ਸਿੰਘ, ਪ੍ਰਗਟੀ ਜੋਤ ਪਸਰਿਆ ਨੂਰ / 25
7. ਭਾਈ ਨੰਦ ਲਾਲ ਜੀ ਵਾਰ, ਜੋਤ ਬਿਗਾਸ (ਪਰਸ਼ੀਅਨ 1)
8. ਆਸਾ ਦੀ ਵਾਰ - ਅੰਗ 471
9. ਆਸਾ ਦੀ ਵਾਰ - ਅੰਗ 472.

# "ਸਿਧ ਗੋਸਟਿ" ਦਾ ਸਾਰ (ਭਾਗ – 1)

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

"ਸਿਧ ਗੋਸਟਿ" ਗੁਰੂ ਨਾਨਕ ਦੇਵ ਜੀ ਦੀ ਸਿੱਧਾਂ, ਨਾਥਾਂ ਅਤੇ ਯੋਗੀਆਂ ਨਾਲ ਹੋਈਆਂ ਧਾਰਮਕ ਚਰਚਾਵਾਂ ਦਾ ਵਰਣਨ ਹੈ। ਇਨ੍ਹਾਂ ਵਿਚ ਪ੍ਰਮੁਖ ਸਨ ਭੰਗਰਨਾਥ, ਲੋਹਾਰੀਪਾ ਅਤੇ ਚਰਪਟ। ਗੁਰੂ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਅਚਲ ਬਟਾਲਾ, ਗੋਰਖਮਤਾ (ਨਾਨਕਮਤਾ), ਸੁਮੇਰ ਪਰਬਤ, ਗੋਰਖ ਹੱਟੜੀ (ਪਿਸ਼ਾਵਰ) ਅਤੇ ਨਾਂਦੇੜ ਵਿਖੇ ਇਹ 'ਗੋਸ਼ਟੀਆਂ' ਕੀਤੀਆਂ।

ਭਾਈ ਗੁਰਦਾਸ ਜੀ ਨੇ ਇਨ੍ਹਾਂ ਮੁਲਾਕਾਤਾਂ ਬਾਰੇ (ਵਾਰਾਂ 1, ਪਉੜੀ 27-42 ਵਿਚ) ਜ਼ਿਕਰ ਕੀਤਾ ਹੈ। ਸਿੱਧਾਂ ਦਾ ਕਥਨ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਜਾਂਦੀ ਹੈ। ਗੁਰੂ ਜੀ ਨੇ ਕਿਹਾ ਕਿ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ।

ਸਿੱਧਾਂ ਨੇ ਇੱਕ ਸਭਾ ਬੈਠਾਈ ਅਤੇ ਆਏ ਸੰਤਾਂ ਨੂੰ ਆਪਣਾ ਸਲਾਮ ਕਿਹਾ। ਗੁਰੂ ਜੀ ਨੇ ਕਿਹਾ ਕਿ ਮੈਂ ਸੱਚੇ, ਬੇਅੰਤ ਅਤੇ ਸੁੰਦਰ ਪ੍ਰਮਾਤਮਾ ਅੱਗੇ (ਹੀ) ਆਪਣਾ ਸਿਰ ਭੇਟ ਕਰਦਾ ਹਾਂ, ਉਸੇ ਨੂੰ ਸਮਰਪਿਤ ਹਾਂ ਜਿਸ ਤੋਂ ਸੰਸਾਰ ਦੇ ਭੇਦ ਸਮਝ ਆਉਂਦੇ ਹਨ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਬਿਨਾ ਨਹੀਂ ਮਿਲਦੇ।

ਸਿੱਧਾਂ ਦੇ ਕੁਝ ਪ੍ਰਸ਼ਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਇਸ ਸੰਖੇਪ ਲੜੀ ਵਿਚ ਹਨ।

ਪ੍ਰਸ਼ਨ: ਤੁਸੀਂ ਕੌਣ ਹੋ? ਤੁਹਾਡਾ ਨਾਮ, ਤਰੀਕਾ ਅਤੇ ਟੀਚਾ ਕੀ ਹਨ, ਟਿਕਾਣਾ ਕਿੱਥੇ ਹੈ ਜਿੱਥੇ ਰਹਿੰਦੇ ਹੋ? ਕਿੱਥੋਂ ਆਏ, ਕਿੱਥੇ ਜਾ ਰਹੇ ਹੋ?

ਉੱਤਰ: ਸਦੀਵੀ ਪ੍ਰਮਾਤਮਾ ਜੋ ਹਰੇਕ ਵਿੱਚ ਵੱਸਦਾ ਹੈ ਮੇਰਾ ਟਿਕਾਣਾ ਤੇ ਘਰ ਹੈ। ਮੈਂ ਉਸ ਦੀ ਰਜ਼ਾ ਅਧੀਨ ਤੁਰਦਾ ਹਾਂ, ਉਸੇ ਤੋਂ ਆਇਆ ਹਾਂ, ਉਥੇ ਹੀ ਜਾਂਦਾ ਹਾਂ ਜਿੱਥੇ ਉਹ ਹੁਕਮ ਦਿੰਦਾ ਹੈ। ਇਹ ਉਪਦੇਸ਼ ਮੈਨੂੰ ਗੁਰੂ ਪਾਸੋਂ ਪ੍ਰਾਪਤ ਹੋਏ, ਮੈਂ ਇਨ੍ਹਾਂ ਤੋਂ ਆਪਣੇ ਆਪ ਨੂੰ ਸਮਝਿਆ ਅਤੇ ਉਸ ਸੱਚੇ ਅੰਦਰ ਲੀਨ ਹੋ ਜਾਂਦਾ ਹਾਂ।

ਪ੍ਰਸ਼ਨ: ਸੰਸਾਰ-ਸਮੁੰਦਰ ਧੋਖੇਬਾਜ਼ ਹੈ; ਕੋਈ ਪਾਰ ਕਿਵੇਂ ਹੋ ਸਕਦਾ ਹੈ? ਸੱਚਾ ਉੱਤਰ ਦੇਵੋ।

ਉਤੱਰ: ਜਿਸ ਤਰ੍ਹਾਂ ਕਮਲ ਦਾ ਫੁੱਲ ਪਾਣੀ ਦੀ ਸਤ੍ਹਾ ਉਤੇ ਤੈਰਦਾ ਹੈ ਅਤੇ ਬਤਖ ਨਦੀ ਵਿਚ ਤੈਰਦੀ ਹੈ; ਗੁਰੂ ਦੇ ਸ਼ਬਦ ਨਾਲ, ਮਨੁੱਖ ਭਿਆਨਕ ਸੰਸਾਰ-ਸਮੁੰਦਰ ਤਰ ਜਾਂਦਾ ਹੈ। ਜੋ ਸੰਨਿਆਸੀ ਦੇ ਰੂਪ ਵਿਚ, ਇੱਕ ਪ੍ਰਭੂ ਨੂੰ ਆਪਣੇ ਮਨ ਵਿੱਚ ਟਿਕਾਉਂਦਾ ਹੈ, ਜੋ ਆਸ ਵਿਚ ਵੀ ਨਿਰ-ਆਸ ਹੈ, ਅਤੇ ਦੂਜਿਆਂ ਨੂੰ ਪ੍ਰਭੂ ਦੇ ਦਰਸ਼ਨਾਂ ਲਈ ਪ੍ਰੇਰਦਾ ਹੈ, ਨਾਨਕ ਉਸ ਦਾ ਦਾਸ ਹੈ। ਪ੍ਰਭੂ ਸਾਡੀ ਪ੍ਰਾਰਥਨਾ ਨੂੰ ਸੁਣੋ।

ਪ੍ਰਸ਼ਨ: ਅਸੀਂ ਗੁਰੂ ਦਾ ਦਰ ਕਿਵੇਂ ਲੱਭੀਏ?

ਉਤੱਰ: ਪ੍ਰਭੂ ਦੇ ਨਾਮ ਰਾਹੀਂ ਇਹ ਚੰਚਲ ਮਨ ਆਪਣੇ ਸੱਚੇ ਘਰ ਵਿੱਚ ਬੈਠਦਾ ਹੈ। ਪ੍ਰਭੂ ਖੁਦ ਸਾਨੂੰ ਆਪਣੇ ਨਾਲ ਜੋੜਦਾ ਹੈ ਅਤੇ ਸੱਚ ਨਾਲ ਪਿਆਰ ਕਰਨ ਲਈ ਪ੍ਰੇਰਿਤ ਕਰਦਾ ਹੈ।

ਪ੍ਰਸ਼ਨ: ਅਸੀਂ ਜੰਗਲਾਂ ਵਿੱਚ ਰਹਿੰਦੇ ਹਾਂ, ਫਲ ਅਤੇ ਜੜ੍ਹਾਂ ਖਾਦੇ ਹਾਂ। ਇਹ ਤਿਆਗੀ ਦਾ ਆਤਮਕ ਗਿਆਨ ਹੈ। ਅਸੀਂ ਤੀਰਥਾਂ ਤੇ ਇਸ਼ਨਾਨ ਕਰ ਕੇ ਸੁਖ ਪ੍ਰਾਪਤ ਕਰਦੇ ਹਾਂ; ਸਾਡੇ ਵਿਚ ਗੰਦਗੀ ਨਹੀਂ। ਇਹ ਯੋਗ ਦਾ ਤਰੀਕਾ ਹੈ।

ਉਤੱਰ: ਮਨ ਨੂੰ ਲਾਲਚੀ ਨਾ ਹੋਣ ਦਿਓ। ਨਾਮ ਬਾਝੋਂ ਕੋਈ ਆਸਰਾ ਨਹੀਂ ਤੇ ਮਨ ਦੀ ਭੁੱਖ ਕਦੇ ਦੂਰ ਨਹੀਂ ਹੁੰਦੀ। ਗੁਰੂ ਨੇ ਮੇਰੇ ਅੰਦਰ ਭੰਡਾਰ ਅਤੇ ਸ਼ਹਿਰ ਪ੍ਰਗਟ ਕਰ ਦਿੱਤੇ ਹਨ, ਜਿੱਥੇ ਮੈਂ ਸਹਿਜ ਹੀ ਸੱਚਾ ਵਪਾਰ ਕਰਦਾ ਹਾਂ। ਥੋੜਾ ਸੌਂਵੋ, ਅਤੇ ਥੋੜਾ ਖਾਓ; ਇਹੋ ਸਿਆਣਪ ਹੈ।

ਪ੍ਰਸ਼ਨ: ਗੋਰਖ-ਮਤੇ ਦੇ ਯੋਗੀਆਂ ਵਾਲੇ ਬਸਤਰ ਪਹਿਨੋ; ਕੰਨਾਂ ਵਿਚ ਮੁੰਦਰਾਂ ਪਾਓ, ਭੀਖ ਮੰਗਣ ਵਾਲਾ ਝੋਲਾ ਲਓ। ਬਾਰਾਂ ਯੋਗਾਂ ਵਿੱਚੋਂ ਸਾਡਾ ਯੋਗ ਸਭ ਤੋਂ ਉੱਚਾ ਹੈ; ਛੇ ਦਰਸ਼ਨਾਂ ਵਿੱਚੋਂ ਸਾਡਾ ਉਪਦੇਸ਼ ਸਭ ਤੋਂ ਵਧੀਆ ਹੈ। ਇਸ ਨਾਲ ਤੁਹਾਨੂੰ ਕਦੇ ਵੀ ਕਸ਼ਟ ਨਹੀਂ ਹੋਵੇਗਾ।

ਉਤੱਰ : ਗੁਰਮੁਖ ਸੱਚੇ ਯੋਗ ਲਈ ਸ਼ਬਦ ਵਿੱਚ ਲੀਨ ਹੋ ਕੇ ਹੰਕਾਰ ਅਤੇ ਮੋਹ ਮਿਟਾਉਂਦੇ ਹਨ। ਕਾਮ-ਵਾਸਨਾ, ਕ੍ਰੋਧ ਅਤੇ ਹੰਕਾਰ ਨੂੰ ਤਿਆਗ ਦਿਓ ਅਤੇ ਗੁਰੂ ਦਾ ਉਪਦੇਸ਼ ਸਮਝੋ। ਸੱਚੇ ਪ੍ਰਭੂ ਨੂੰ ਹਰ ਥਾਂ ਵਿਆਪਕ ਵੇਖੋ, ਉਹੋ ਪਾਰ ਉਤਾਰੇਗਾ। ਗੁਰੂ ਦੀ ਬਾਣੀ ਸੱਚ ਹੈ। ਸੰਸਾਰ ਵਿਚ ਰਹਿ ਕੇ ਸੰਸਾਰ ਤੋਂ ਨਿਰਲੇਪ ਰਹੋ, ਇਹੋ ਮੰਗਣ ਵਾਲਾ ਕਟੋਰਾ ਹੈ। ਪਾਠ ਨੂੰ ਟੋਪੀ, ਸਰੀਰ ਨੂੰ ਸਿਮਰਨ ਵਾਲੀ ਚਟਾਈ, ਅਤੇ ਮਨ ਨੂੰ ਆਪਣਾ ਕਮਰ ਦਾ ਕੱਪੜਾ ਬਣਾਓ। ਸੱਚਾਈ, ਸੰਤੋਖ ਅਤੇ ਅਨੁਸ਼ਾਸਨ ਨੂੰ ਸਾਥੀ ਬਣਾਓ।

ਪ੍ਰਸ਼ਨ: ਕੌਣ ਲੁਕਿਆ ਹੋਇਆ ਹੈ? ਕੌਣ ਮੁਕਤ ਹੈ? ਅੰਦਰੋਂ-ਬਾਹਰੋਂ ਕੌਣ ਇਕਮੁੱਠ ਹੈ? ਕੌਣ ਆਉਂਦਾ ਹੈ, ਕੌਣ ਜਾਂਦਾ ਹੈ? ਕੌਣ ਤਿੰਨਾਂ ਜਹਾਨਾਂ ਵਿੱਚ ਵਿਆਪਕ ਹੈ?

ਉਤੱਰ: ਉਹ ਪਰਮਾਤਮਾ ਹਰੇਕ ਦਿਲ ਅੰਦਰ ਲੁਕਿਆ ਹੋਇਆ ਹੈ। ਗੁਰਮੁਖਿ ਮੁਕਤ ਹੋ ਜਾਂਦਾ ਹੈ ਅਤੇ ਸੱਚੇ ਸ਼ਬਦ ਦੀ ਰਾਹੀਂ ਅੰਦਰੋਂ-ਬਾਹਰੋਂ ਇਕ-ਮਿਕ ਅਤੇ ਸਚੁ ਵਿਚ ਲੀਨ ਹੋ ਜਾਂਦਾ ਹੈ। ਮਨਮੁਖ ਨਾਸ ਹੋ ਜਾਂਦਾ ਹੈ ਅਤੇ ਆਉਂਦਾ ਅਤੇ ਜਾਂਦਾ ਹੈ।

## ਬੇਨਤੀ

ਪੂਰੀ “ਸਿਧ ਗੋਸਟਿ” ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਮਹਲਾ 1 ਵਿਚ ਅੰਗ 938 ਤੋਂ 946 ਉਤੇ ਸੁਸ਼ੋਭਿਤ ਹੈ। ਇਸ ਸੰਖੇਪ ਲੜੀ ਵਿਚ ਸਿਧਾਂ ਦਵਾਰਾ ਪੁਛੇ ਗਏ ਪ੍ਰਸ਼ਨਾਂ ਦੇ ਉਤੱਰ ਵਿਚ ਗੁਰੂ ਨਾਨਕ ਸਾਹਿਬ ਵਲੋਂ ਦਿੱਤੇ ਗਿਆਨ ਦਾ ਕੇਵਲ ਸਾਰ ਦੇਣ ਦਾ ਯਤਨ ਹੈ।

(This is a Summary, not a translation)

# ਖਾਲਸਾ ਕਾਲਜ ਅੰਮ੍ਰਿਤਸਰ

ਡਾ. ਮਲਕੀਅਤ ਸਿੰਘ ਦੂਹੜਾ ਤੇ ਡਾ. ਕਾਬਲ ਸਿੰਘ, ਐਡਮਿੰਟਨ (ਕੈਨੇਡਾ)



ਖਾਲਸਾ ਕਾਲਜ ਅੰਮ੍ਰਿਤਸਰ (ਪੰਜਾਬ) ਭਾਰਤ ਵਿੱਚ ਇੱਕ ਇਤਿਹਾਸਕ ਵਿਦਿਅਕ ਸੰਸਥਾ ਹੈ। ਇਹ ਅੰਮ੍ਰਿਤਸਰ-ਲਾਹੌਰ ਸੜਕ (ਗ੍ਰੈਂਡ ਟਰੰਕ ਰੋਡ) ਤੇ ਅੰਮ੍ਰਿਤਸਰ ਸ਼ਹਿਰ ਦੇ ਕੇਂਦਰ ਤੋਂ ਅੱਠ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਾਲਜ ਦੀ ਸਥਾਪਨਾ ਕਮੇਟੀ 1890 ਵਿੱਚ ਬਣੀ, ਜਿਸ ਵਿਚ 121 ਮੈਂਬਰ ਸਨ। ਕਰਨਲ ਡਬਲਯੂ. ਆਰ. ਐਮ. ਹੋਲਰੌਇਡ, ਡਾਇਰੈਕਟਰ ਆਫ਼ ਪਬਲਿਕ ਇੰਸਟ੍ਰਕਸ਼ਨ (ਪੰਜਾਬ) ਪ੍ਰਧਾਨ ਵਜੋਂ ਅਤੇ ਡਬਲਯੂ. ਬੈੱਲ, ਸਰਕਾਰੀ ਕਾਲਜ, ਲਾਹੌਰ ਦੇ ਪ੍ਰਿੰਸੀਪਲ, ਸਕੱਤਰ ਵਜੋਂ ਸਨ।

ਬਾਕੀ ਮੈਬਰਾਂ ਵਿਚ ਸਰ ਅਤਰ ਸਿੰਘ ਤੇ ਗੁਰਦਿਆਲ ਸਿੰਘ ਮਾਨ (ਨਾਭਾ); ਦੀਵਾਨ ਗੁਰਮੁਖ ਸਿੰਘ (ਪਟਿਆਲਾ); ਭਾਈ ਖਾਨ ਸਿੰਘ, ਪ੍ਰੋਫੈਸਰ ਗੁਰਮੁਖ ਸਿੰਘ, ਅਤੇ ਸਰਦਾਰ ਜਵਾਹਰ ਸਿੰਘ ਸ਼ਾਮਲ ਸਨ।

ਕਾਲਜ ਦਾ ਨੀਂਹ ਪੱਥਰ 5 ਮਾਰਚ, 1892 ਨੂੰ ਰਖਿਆ ਗਿਆ। ਪਹਿਲੀ ਸ਼੍ਰੇਣੀ 1893 ਵਿੱਚ ਸ਼ੁਰੂ ਹੋਈ। ਭਾਰਤ ਦੀਆਂ ਕਈ ਰਿਆਸਤਾਂ ਅਤੇ ਪੰਜਾਬ ਦੇ ਸਿੱਖਾਂ ਨੇ ਸਥਾਪਨਾ ਲਈ ਵਿੱਤੀ ਸਹਾਇਤਾ ਦਿੱਤੀ।

ਇਨ੍ਹਾਂ ਵਿੱਚ ਪਟਿਆਲਾ ਦੇ ਮਹਾਰਾਜਾ ਰਾਜਿੰਦਰ ਸਿੰਘ, ਨਾਭਾ ਦੇ ਮਹਾਰਾਜਾ ਹੀਰਾ ਸਿੰਘ, ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ, ਅਤੇ ਸਰ ਸੁੰਦਰ ਸਿੰਘ ਮਜੀਠੀਆ ਸ਼ਾਮਲ ਸਨ। ਇਸ ਲਈ ਵਿਿਆਰਥੀਆਂ ਲਈ ਕੁਝ ਹੋਸਟਲਾਂ ਦੇ ਨਾਂਮ ਪਟਿਆਲਾ, ਨਾਭਾ, ਆਦਿ ਹਨ। ਇਮਾਰਤ 1911 ਵਿੱਚ ਪੂਰੀ ਹੋਈ।

ਕਾਲਜ ਦਾ ਡਿਜ਼ਾਈਨ ਮੇਓ ਸਕੂਲ ਆਫ਼ ਆਰਟਸ ਲਾਹੌਰ ਦੇ ਪ੍ਰਿੰਸੀਪਲ ਭਾਈ ਰਾਮ ਸਿੰਘ ਨੇ ਇੰਜੀਨੀਅਰ ਧਰਮ ਸਿੰਘ ਘਰਜਾਖੀਆ ਦੀ

ਮਦਦ ਨਾਲ ਤਿਆਰ ਕੀਤਾ ਸੀ। ਮੁੱਖ ਇਮਾਰਤ ਇੰਡੋ-ਸਰਸੇਨਿਕ ਸ਼ੈਲੀ ਦਾ ਇੱਕ ਰਤਨ ਹੈ, ਜੋ ਕਿ ਰਵਾਇਤੀ ਸਿੱਖ, ਮੁਗਲ ਅਤੇ ਬ੍ਰਿਟਿਸ਼ ਸਕੂਲ ਆਫ਼ ਆਰਕੀਟੈਕਚਰ ਦੁਆਰਾ ਪ੍ਰਭਾਵਿਤ ਹੈ। ਭਾਈ ਰਾਮ ਸਿੰਘ ਨੂੰ ਉਹਨਾਂ ਦੀ ਸੇਵਾਵਾਂ ਲਈ ਬ੍ਰਿਟਿਸ਼ ਭਾਰਤ ਦੇ ਸਰਵਉੱਚ ਨਾਗਰਿਕ ਪੁਰਸਕਾਰ, ਵਿਕਟੋਰੀਅਨ ਆਰਡਰ ਦੇ ਮੈਂਬਰ, ਨਾਲ ਸਨਮਾਨਿਤ ਕੀਤਾ ਗਿਆ ਸੀ। ਕਾਲਜ 300 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ 86 ਪੜ੍ਹਾਉਣ ਵਾਲੇ ਕਮਰੇ, 10 ਟਿਊਟੋਰਿਅਲ ਕਮਰੇ, 28 ਪ੍ਰਯੋਗਸ਼ਾਲਾਵਾਂ, ਡਬਲ ਸਟੋਰੀ ਲਾਇਬਰੇਰੀ, ਆਡੀਓ-ਵਿਯੂਅਲ ਸਹੂਲਤਾਂ ਨਾਲ ਲੈਸ ਵਿਸ਼ਾਲ ਕਾਨਫਰੰਸ ਹਾਲ ਅਤੇ ਸੈਮੀਨਾਰ ਰੂਮ ਹਨ।

ਕਾਲਜ ਵਿੱਚ ਗੁਰਦੁਆਰਾ, ਜਿਮਨੇਜ਼ੀਅਮ, ਡੇਅਰੀ ਫਾਰਮ, 220 ਏਕੜ ਦਾ ਵਿਦਿਆਰਥੀ ਫਾਰਮ, ਬੋਟੈਨੀਕਲ ਗਾਰਡਨ, ਨਰਸਰੀ, ਫਲ ਫਾਰਮ, ਕ੍ਰਿਕੇਟ ਸਟੇਡੀਅਮ, ਸਵੀਮਿੰਗ ਪੂਲ, ਅਤੇ ਚੰਗੀ ਤਰਾਂ ਸਵਾਰੇ ਖੇਡਾਂ ਦੇ ਮੈਦਾਨ ਹਨ।

ਕਾਲਜ ਪਹਿਲਾਂ ਪੰਜਾਬ ਯੁਨੀਵਰਸਿਟੀ ਨਾਲ ਸਬੰਧਤ ਸੀ। ਬਾਅਦ ਵਿਚ ਗੁਰੂ ਨਾਨਕ ਦੇਵ ਯੁਨੀਵਰਸਿਟੀ ਨਾਲ ਜੋੜ ਦਿਤਾ ਗਿਆ। ਇਸ ਵਿਚ ਅੰਡਰ-ਗਰੈਜੂਏਟ, ਪੋਸਟ-ਗ੍ਰੈਜੂਏਟ ਤੇ ਖੋਜ ਦੀ ਡਿਗਰੀ ਨਾਲ ਸਬੰਧਤ 60 ਪ੍ਰੋਗਰਾਮ ਹਨ। ਪਹਿਲੇ ਖੇਤੀ-ਬਾੜੀ ਯੁਨੀਵਰਸਿਟੀ ਲੁਧਿਆਣਾਂ ਤੋ ਬਿਨਾ ਪੰਜਾਬ ਵਿਚ ਸਿਰਫ ਖਾਲਸਾ ਕਾਲਜ ਵਿਚ ਹੀ ਖੇਤੀ-ਬਾੜੀ ਦੀ ਪੜ੍ਹਾਈ ਦੇ ਪ੍ਰੋਗਰਾਮ ਸਨ। ਪ੍ਰੋਫੈਸਰਾਂ ਦੀ ਗਿਣਤੀ 325 ਹੈ। 2023 ਵਿਚ 6304 ਵਿਦਿਆਰਥੀ ਸਨ ਅਤੇ ਪਿਛਲੀ ਕੌਨਵੋਕੇਨਸ਼ਨ ਵਿਚ 1740 ਨੂੰ ਡਿਗਰੀਆਂ ਦਿਤੀਆਂ ਗਈਆਂ। ਇਸ ਕਾਲਜ ਨੇ ਬਹੁਤ ਉਘੇ ਸੁਤੰਤਰਤਾ ਸੈਨਾਨੀ, ਨੇਤਾ, ਪ੍ਰਸ਼ਾਸਕ, ਪ੍ਰਬੰਧਕ, ਵਿਗਿਆਨੀ, ਜਰਨੈਲ, ਖਿਡਾਰੀ, ਸਕਾਲਰ, ਅਦਾਕਾਰ, ਲੇਖਕ ਅਤੇ ਪੱਤਰਕਾਰ ਪੈਦਾ ਕੀਤੇ ਹਨ। ਇਥੋਂ ਪੜ੍ਹ ਕੇ ਅਣਗਿਣਤ ਅਫਸਰ, ਡਾਕਟਰ, ਇੰਜਨੀਅਰ ਅਤੇ ਮਾਹਰ ਬਣੇ ਹਨ। ਅਸੀਂ ਦੋਵਾਂ ਨੇਂ ਇਸ ਕਾਲਜ ਵਿਚੋਂ ਬੀ. ਐਸ. ਸੀ. (ਖੇਤੀ-ਬਾੜੀ) ਦੀ ਸਿਖਿਆ ਲਈ ਹੈ।

# ਦਾਲਚੀਨੀ ਦੇ ਫਾਇਦੇ

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ (ਭਾਰਤ) 0175-2216783

ਕਹਿੰਦੇ ਨੇ ਕਿ ਬਾਦਸ਼ਾਹ ਨੀਰੋ ਨੇ ਆਪਣੀ ਪਤਨੀ ਦੀ ਮੌਤ ਉੱਤੇ, ਇਕ ਸਾਲ ਵਿਚ ਵਰਤੀ ਜਾਣ ਵਾਲੀ ਦਾਲਚੀਨੀ ਨੂੰ ਇਕੋ ਸਮੇਂ ਬਾਲਿਆਂ ਤਾਂ ਜੋ ਚੁਫ਼ੇਰੇ ਉਸ ਦੀ ਖੁਸ਼ਬੂ ਫੈਲਦੀ ਰਹੇ। ਈਸਾ ਤੋਂ 2800 ਸਾਲ ਪਹਿਲਾਂ ਤੋਂ ਚੀਨ ਵਿਚ ਦਾਲਚੀਨੀ ਦੀ ਵਰਤੋਂ ਦਾ ਜ਼ਿਕਰ ਮਿਲਦਾ ਹੈ। ਇਸ ਨੂੰ ਬੇਸ਼ਕੀਮਤੀ ਖ਼ੁਸ਼ਬੂਦਾਰ ਬੂਟੇ ਵਜੋਂ ਮਾਨਤਾ ਦਿਤੀ ਗਈ। ਇਸ ਲਈ ਕੁਝ ਜੰਗਾਂ ਵੀ ਹੋਈਆਂ ਕਿਉਂਕਿ ਇਸ ਦੀ ਵਰਤੋਂ ਨਾਲ ਉਤੇਜਨਾ ਵੀ ਜੋੜੀ ਗਈ। ਈਜਿਪਟ ਵਿਖੇ ਮੌਤ ਤੋਂ ਬਾਅਦ 'ਮੰਮੀ' ਬਣਾਉਣ ਲਈ ਵੀ ਸਰੀਰ ਤੇ ਦਾਲਚੀਨੀ ਦਾ ਲੇਪ ਲਾਇਆ ਜਾਂਦਾ ਸੀ। ਸਿਰਫ 350 ਗ੍ਰਾਮ ਦਾਲਚੀਨੀ ਦੇ ਬਦਲੇ ਸਾਢੇ ਪੰਜ ਕਿਲੋ ਚਾਂਦੀ ਦਿਤੇ ਜਾਣ ਦਾ ਜ਼ਿਕਰ ਮਿਲਦਾ ਹੈ।

ਖੰਘ, ਜ਼ੁਕਾਮ, ਗਲੇ ਦੀ ਖ਼ਰਾਸ਼ ਆਦਿ ਲਈ ਦਾਲਚੀਨੀ ਵਰਤੀ ਜਾਂਦੀ ਰਹੀ ਹੈ। ਮਾਸ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਦਾਲਚੀਨੀ ਪਾਊਡਰ ਵਿਚ ਲਪੇਟਿਆ ਜਾਂਦਾ ਸੀ। ਸਤਾਹਰਵੀਂ ਸਦੀ ਵਿਚ ਸੀਲੋਨ ਵਿਖੇ ਦੁਨੀਆ ਦਾ ਸਭ ਤੋਂ ਵਡਾ ਦਾਲਚੀਨੀ ਦਾ ਭੰਡਾਰ ਲਭਿਆ। ਇੰਗਲੈਂਡ ਨੇ ਇਸ ਨੂੰ ਹਥਿਆਉਣ ਲਈ ਸੀਲੋਨ ਉੱਤੇ ਹੀ ਕਬਜ਼ਾ ਕਰ ਲਿਆ ਸੀ। ਬਹੁਤ ਸਾਰੇ ਮੁਲਕਾਂ ਵਿਚ ਇਸ ਨੂੰ ਨਸ਼ੇ ਵਾਂਗ ਵਰਤਿਆ ਜਾ ਰਿਹਾ ਹੈ। ਚਮਚ ਭਰ ਕੇ ਦਾਲਚੀਨੀ ਪਾਊਡਰ ਇਕਦਮ ਅੰਦਰ ਲੰਘਾਉਂਣ ਨਾਲ ਸਾਹ ਦੀ ਨਾਲੀ ਬੰਦ ਹੋ ਜਾਣ ਨਾਲ ਮੌਤ ਵੀ ਹੋ ਸਕਦੀ ਹੈ। ਇਸ ਦੇ ਸ਼ੱਕਰ ਰੋਗੀਆਂ ਉੱਤੇ ਬਹੁਤ ਵਧੀਆ ਅਸਰ ਵੇਖੇ ਗਏ ਹਨ। ਐਂਟੀਆਕਸੀਡੈਂਟ ਭਰਪੂਰ ਹੋਣ ਸਦਕਾ ਇਹ ਦਿਲ ਲਈ ਵੀ ਲਾਹੇਵੰਦ ਹੈ। ਇਸ ਦੀਆਂ ਦੋ ਕਿਸਮਾਂ ਹਨ: ਸੀਲੋਨ ਅਤੇ ਕੇਸੀਆ। ਸੀਲੋਨ



ਅਸਲੀ ਅਤੇ ਮਹਿੰਗੀ ਹੈ। ਇਸ ਦੇ ਤੇਲ ਦੀ ਖ਼ੁਸ਼ਬੂ ਸਿਨਾਮੈਲਡੀਹਾਈਡ ਐਂਟੀਆਕਸੀਡੈਂਟ ਤੋਂ ਹੈ। ਪੌਲੀਫੀਨੋਲ ਸਰੀਰ ਦੀ ਸੋਜ਼ਿਸ਼ ਘਟਾਉਂਦੇ ਹਨ।

ਖਾਣਿਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਦਾਲਚੀਨੀ ਨੂੰ ਕੁਦਰਤੀ 'ਪ੍ਰੀਜ਼ਰਵੇਟਿਵ' ਵਜੋਂ ਵਰਤਿਆ ਜਾਂਦਾ ਹੈ। ਰੋਜ਼ ਪੌਣਾ ਚਮਚ ਦਾਲਚੀਨੀ ਖੁਆਉਣ ਬਾਅਦ ਵੇਖਿਆ ਗਿਆ ਕਿ ਸਰੀਰ ਅੰਦਰ ਸ਼ੱਕਰ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਕਾਫੀ ਘਟ ਹੋ ਗਈ। ਦਿਲ ਦੇ ਰੋਗੀਆਂ ਵਿਚ ਅੱਧਾ ਚਮਚ ਰੋਜ਼ ਦਾਲਚੀਨੀ ਨਾਲ ਟਰਾਈਗਲਿਸਰਾਈਡ ਅਤੇ ਮਾੜੇ ਕੋਲੈਸਟਰੋਲ ਦੀ ਮਾਤਰਾ ਘਟੀ। ਰੋਜ਼ ਪੌਣਾ ਚਮਚ ਦਾਲਚੀਨੀ ਅਠ ਹਫ਼ਤਿਆਂ ਲਈ ਖਾਇਆਂ ਬਲਡ ਪ੍ਰੈੱਸ਼ਰ ਵੀ ਘਟ ਗਿਆ। ਟਾਈਪ-ਦੋ ਸ਼ੱਕਰ ਦੇ ਰੋਗੀਆਂ ਵਿਚ ਸਰੀਰ ਅੰਦਰ ਦੀ ਇਨਸੂਲਿਨ ਦਾ ਅਸਰ ਕਾਫ਼ੀ ਘਟ ਹੋ ਜਾਂਦਾ ਹੈ। ਖਾਣੇ ਦੇ ਮਿਠੇ ਨੂੰ ਦਾਲਚੀਨੀ ਛੇਤੀ ਹਜ਼ਮ ਨਹੀਂ ਹੋਣ ਦਿੰਦੀ ਜਿਸ ਨਾਲ ਲਹੂ ਅੰਦਰ ਸ਼ੱਕਰ ਦੀ ਮਾਤਰਾ ਛੇਤੀ ਨਹੀਂ ਵਧਦੀ। ਦਾਲਚੀਨੀ ਆਪ ਹੀ ਇਨਸੂਨਿਨ ਵਰਗਾ ਅਸਰ ਵਿਖਾਂਦੀ ਹੈ। ਇਕ ਤੋਂ ਦੋ ਚਮਚ ਰੋਜ਼ ਦਾਲਚੀਨੀ ਦੋ ਮਹੀਨੇ ਖਾਣ ਵਾਲੇ ਸ਼ੱਕਰ ਰੋਗੀਆਂ ਦੀ 'ਐਚ.ਬੀ.ਏ. ਇਕ ਸੀ' ਮਾਤਰਾ ਵੀ ਠੀਕ ਹੋਈ। ਚੂਹਿਆਂ ਉੱਤੇ ਹੋਈ ਖੋਜ ਵਿਚ ਦਾਲਚੀਨੀ ਨਾਲ ਦਿਮਾਗ਼ ਅੰਦਰਲੀ ਇਕ ਪ੍ਰੋਟੀਨ

ਘਟੀ ਜਿਸ ਨੇ ਨਿਊਰੋਟਰਾਂਸਮੀਟਰ ਰਸ ਦੀ ਮਾਤਰਾ ਵਧਾ ਕੇ ਪਾਰਕਿਨਸਨ ਵਰਗੇ ਰੋਗ ਵਿਚ ਫ਼ਾਇਦਾ ਦਿਤਾ। ਅੰਡਕੋਸ਼ ਦੇ ਕੈਂਸਰ ਵਿਚ ਦਾਲਚੀਨੀ ਵਿਚਲੇ ਸਿਨਾਮੈਲਡੀਹਾਈਡ ਸਦਕਾ ਸੈੱਲਾਂ ਦਾ ਫੈਲਣਾ ਘਟਦਾ ਹੈ। ਔਰਤਾਂ ਉੱਤੇ ਹਾਲੇ ਇਹ ਖੋਜ ਸੰਪੂਰਨ ਨਹੀਂ ਹੋਈ। ਸੀਲੋਨ ਦਾਲਚੀਨੀ ਨਾਲ ਸਰੀਰ ਅੰਦਰਲੇ ਥਿੰਦੇ ਦੇ ਸੈੱਲ ਛੇਤੀ ਖੁਰਦੇ ਹਨ ਤੇ ਭਾਰ ਘਟਾਇਆ ਜਾ ਸਕਦਾ ਹੈ, ਬਸ਼ਰਤੇ ਕਿ ਰੋਜ਼ਾਨਾ ਕਸਰਤ ਕੀਤੀ ਜਾਵੇ ਅਤੇ ਸੰਤੁਲਿਤ ਖ਼ੁਰਾਕ ਲਈ ਜਾਵੇ। ਕੁਝ ਮਰੀਜ਼ਾਂ ਨੂੰ ਹਰ ਰੋਜ਼ ਅਧਾ ਚਮਚ ਦਾਲਚੀਨੀ ਤਿੰਨ ਮਹੀਨੇ ਖੁਆਣ ਨਾਲ ਉੱਪਰਲਾ ਬਲਡ ਪ੍ਰੈੱਸ਼ਰ 5 ਪੁਆਂਇੰਟ ਘਟ ਗਿਆ।

ਜਿਨ੍ਹਾਂ ਚੂਹਿਆਂ ਉੱਤੇ ਦਾਲਚੀਨੀ ਨਾਲ ਖੋਜ ਕੀਤੀ ਗਈ, ਉਨ੍ਹਾਂ ਵਿਚ ਯਾਦ ਰਖਣ ਦੀ ਤਾਕਤ ਵਧੀ। ਹਾਲੇ ਅਜਿਹੀ ਖੋਜ ਇਨਸਾਨਾਂ ਉੱਤੇ ਨਹੀਂ ਕੀਤੀ ਗਈ। ਲਗਭਗ 115 ਤਰ੍ਹਾਂ ਦੇ ਖਾਣਿਆਂ ਵਿਚੋਂ ਸੋਜ਼ਿਸ਼ ਨਾਲ ਜੂਝਣ ਦੀ ਤਾਕਤ ਸਭ ਤੋਂ ਵਧ ਦਾਲਚੀਨੀ ਵਿਚ ਹੈ। ਰਿਊਮੈਟਾਇਡ ਆਰਥਰਾਈਟਿਸ ਦੇ ਮਰੀਜ਼ਾਂ ਨੂੰ 8 ਹਫ਼ਤੇ ਵਿਚ ਪੀੜ ਅਤੇ ਸੋਜ਼ਿਸ਼ ਵਿਚ ਆਰਾਮ ਦਿਸਿਆ। ਦੋ ਗਰੁਪਾਂ ਵਿਚ 60-60 ਮਰੀਜ਼ ਵੰਡ ਕੇ ਜਦੋਂ ਇਕ ਗਰੁਪ ਨੂੰ ਚੌਥਾ ਹਿਸਾ ਚਮਚ ਦਾ ਦਾਲਚੀਨੀ ਦਾ 40 ਦਿਨ ਦਿਤਾ ਗਿਆ ਤਾਂ ਇਨ੍ਹਾਂ ਦਾ ਮਾੜਾ ਕੋਲੈਸਟਰੋਲ ਘਟਿਆ ਅਤੇ 18 ਹਫਤੇ ਖੁਆਉਣਾ ਨਾਲ ਚੰਗੇ ਕੋਲੈਸਟਰੋਲ ਵਿਚ ਵਾਧਾ ਹੋਇਆ।

'ਕੈਂਡੀਡਾ ਐਲਬੀਕੈਨਸ' (ਉੱਲੀ), ਦਾਲਚੀਨੀ ਪਾਊਡਰ ਦੇ ਘੋਲ ਵਿਚ ਪਾਉਣ ਬਾਅਦ ਇਹ ਉੱਕਾ ਹੀ ਖ਼ਤਮ ਹੋ ਗਈ। ਖੋਜ ਕੀਤੀ ਗਈ ਕਿ ਜੇ ਬੱਚੇਦਾਨੀ ਦੇ ਰਾਹ ਦੀ ਸੋਜ਼ਿਸ਼ ਦੀ ਦਵਾਈ ਵਿਚ ਇਸ ਨੂੰ ਵਰਤਿਆ ਜਾਵੇ ਤਾਂ ਕੁਦਰਤੀ ਢੰਗ ਨਾਲ ਬਿਹਤਰ ਨਤੀਜੇ ਮਿਲ ਸਕਦੇ ਹਨ।
ਕਈ ਦਵਾਈਆਂ ਵਿਚ ਪਹਿਲਾਂ ਹੀ ਦਾਲਚੀਨੀ ਸ਼ਾਮਲ ਹੈ। ਚਾਹ ਦੇ ਨਾਲ ਕਈ ਮੂੰਹ ਉੱਤੇ ਲਾਏ ਜਾਣ ਵਾਲੇ ਮਾਸਕ ਵੀ ਦਾਲਚੀਨੀ ਭਰਪੂਰ ਮਿਲਦੇ ਹਨ।'ਸਾਲਮੋਨੈਲਾ, ਈ. ਕੋਲਾਈ, ਉਲੀ ਅਤੇ ਕੁਝ ਵਾਇਰਸ ਕੀਟਾਣੂਆਂ ਉੱਤੇ ਇਹ ਬਹੁਤ ਅਸਰਦਾਰ ਸਿਧ ਹੋਈ, ਜੋ ਦਾਲਚੀਨੀ ਦੇ ਹੁੰਦਿਆਂ ਪਨਪ ਨਹੀਂ ਸਕਦੇ। ਦਾਲਚੀਨੀ ਦੀ ਚਾਹ ਲੈਂਦੇ ਰਹਿਣ ਨਾਲ ਕਈ ਬੀਮਾਰੀਆਂ ਵਿਚ ਛੇਤੀ ਠੀਕ ਹੋਇਆ ਜਾ ਸਕਦਾ ਹੈ। ਸਿਨਾਮਨ ਤੇਲ ਨਾਲ ਖੰਘ, ਜ਼ੁਕਾਮ ਬਿਨਾਂ ਦਵਾਈ ਦੇ ਹੀ ਠੀਕ ਹੋ ਜਾਂਦੇ ਹਨ। ਪਾਣੀ ਵਿਚ ਦਾਲਚੀਨੀ, ਲੌਂਗ, ਛੋਟੀ ਲਾਚੀ, ਮੋਟੀ ਲਾਚੀ, ਥੋੜੀ ਸੌਂਫ ਅਤੇ ਕੁਝ ਤੁਲਸੀ ਪਤੇ ਪਾ ਕੇ ਉਬਾਲ ਲਵੋ। ਢੱਕ ਕੇ ਰਖਣ ਵੇਲੇ ਉਸ ਵਿਚ ਤਾਜ਼ਾ ਅਦਰਕ ਅਤੇ ਤਾਜ਼ੀ ਕੱਚੀ ਹਲਦੀ ਰਤਾ ਕੁ ਕੁੱਟ ਕੇ ਮਿਲਾ ਕੇ ਰਖ ਦਿਓ। ਇਸ ਕੋਸੇ ਪਾਣੀ ਨੂੰ ਦਿਨ ਵਿਚ ਦੋ ਵਾਰ ਪੀਣ ਨਾਲ ਗਲਾ ਅਤੇ ਡੇਂਗੂ ਠੀਕ ਹੋ ਜਾਂਦੇ ਹਨ। ਦਾਲਚੀਨੀ ਨੂੰ ਮੂੰਹ ਅੰਦਰ ਰਖ ਕੇ, ਚੂਸ ਕੇ ਜਾਂ ਇਸ ਦੇ ਪਾਣੀ ਨਾਲ ਚੂਲੀਆਂ ਕਰ ਕੇ ਮੂੰਹ ਦੀ ਬਦਬੂ ਹਟਾਈ ਜਾ ਸਕਦੀ ਹੈ।

ਜਿਨ੍ਹਾਂ ਔਰਤਾਂ ਦੇ ਮੂੰਹ ਉੱਤੇ ਵਾਲ ਆਉਣ ਜਾਂ ਮਾਹਵਾਰੀ ਰੈਗੂਲਰ ਨਾ ਹੋਵੇ, ਉਨ੍ਹਾਂ ਵਿਚ ਹਾਰਮੋਨਾਂ ਦੀ ਦਵਾਈ ਦੇ ਨਾਲ ਅੱਧਾ ਚਮਚ ਦਾਲਚੀਨੀ ਰੋਜ਼ 6 ਮਹੀਨੇ ਖਾਣ ਦੇ ਸਾਰਥਕ ਨਤੀਜੇ ਸਾਹਮਣੇ ਆਏ। ਦਾਲਚੀਨੀ ਚਮੜੀ ਵਿਚ ਕੋਲਾਜਨ ਨੂੰ ਲਚਕੀਲਾ ਬਣਾਉਂਦੀ ਹੈ। ਤਿੰਨ ਚਮਚ ਸ਼ਹਿਦ ਵਿਚ ਇਕ ਚਮਚ ਦਾਲਚੀਨੀ ਮਿਲਾ ਕੇ 30 ਸੈਕੰਡ ਲਈ ਮਾਈਕਰੋਵੇਵ ਕਰ ਕੇ, 10 ਮਿਨਟ ਲਈ ਮੂੰਹ ਉੱਤੇ ਲੇਪ ਲਾ ਕੇ ਫਿਰ ਮੂੰਹ ਚੰਗੀ ਤਰ੍ਹਾਂ ਕੋਸੇ ਪਾਣੀ ਨਾਲ ਧੋ ਲਓ। ਹਫ਼ਤੇ ਵਿਚ ਇਕ ਵਾਰ ਵਰਤਣ ਨਾਲ ਕਿਲ ਮੁਹਾਂਸੇ ਦੋ ਕੁ ਮਹੀਨਿਆਂ ਵਿਚ ਸਾਫ਼ ਹੋ ਜਾਂਦੇ ਹਨ। ਬਜ਼ਾਰ ਵਿਚ ਮਿਲਦੀ ਸਸਤੀ 'ਕੇਸੀਆ' ਦਾਲਚੀਨੀ ਵਿਚ 'ਕੁਮਾਰਿਨ' ਨੁਕਸਾਨ ਵੀ ਕਰ ਸਕਦੀ ਹੈ। ਇਸ ਲਈ ਸਿਰਫ ਸੀਲੋਨ ਕਿਸਮ ਦੀ ਅਸਲੀ ਦਾਲਚੀਨੀ ਹੀ ਵਰਤਣੀ ਚਾਹੀਦੀ ਹੈ।



ਈ ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
30 ਦਸੰਬਰ 2023
ਸ਼ਨੀਵਾਰ
9 AM ਕੈਲਗਰੀ
ਸਮਾਂ:
9:30 PM ਇੰਡੀਆ
8:00 AM ਬੀ ਸੀ
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਕੁਲਵੰਤ ਸਿੰਘ ਸੈਦੋਕੇ
ਪਟਿਆਲਾ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਇੰਜ. ਕਰਮਜੀਤ ਸਿੰਘ ਨੂਰ
ਜਲੰਧਰ
ਸੁੰਦਰਪਾਲ ਕੌਰ ਰਾਜਾਸਾਂਸੀ
ਬਰੈਂਪਟਨ
ਸਾਧੂ ਸਿੰਘ ਝੱਜ
ਸਿਆਟਲ
ਗੁਰਿੰਦਰ ਸਿੰਘ ਸੰਧੂਆ
ਚਮਕੌਰ ਸਾਹਿਬ
ਅਮਰਜੀਤ ਕੌਰ ਮੋਰਿੰਡਾ
ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਪਰਨੀਤ ਕੌਰ ਸਿਮਰਲੀਨ ਕੌਰ
ਟੋਰੰਟੋ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

Screen shots of the Shaheedi KAVI DARBAR held on the 30th of December 2023

To Pay Poetic Respects to the Martyrdom of

The Four Sahibzadas and Mata Gujri Ji



## ਈ-ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ

ਰਿਪੋਰਟ : ਸਰਦਾਰ ਜਸਵਿੰਦਰ ਸਿੰਘ ਰੁਪਾਲ , ਕੈਲਗਰੀ (+1 403 465 1586)

30 ਨਵੰਬਰ 2023 ਨੂੰ ਸੋਸਾਇਟੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਉਹਨਾਂ ਨੂੰ ਸਤਿਕਾਰ ਭੇਂਟ ਕਰਨ ਲਈ ਇੱਕ ਆਨਲਾਈਨ ਅੰਤਰਰਾਸ਼ਟਰੀ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨਾਂ ਨੇ ਸ਼ਹੀਦਾਂ ਨੂੰ ਆਪਣੀ ਅਕੀਦਤ ਭੇਟ ਕੀਤੀ। ਇਹ ਸੋਸਾਇਟੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਕਵੀ-ਦਰਬਾਰ ਸਜਾਉਣ ਦੀ ਪਿਰਤ ਨੂੰ ਜਿੰਦਾ ਰੱਖ ਰਹੀ ਹੈ। ਸਭ ਤੋਂ ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਜੀ ਨੇ ਸਭ ਨੂੰ ਜੀਅ ਆਇਆਂ ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਰੰਭ ਇੱਕ ਸ਼ਬਦ ਗਾਇਨ ਨਾਲ ਕੀਤਾ ਗਿਆ। ਫਿਰ ਪਰਨੀਤ ਕੌਰ ਅਤੇ ਸਿਮਰਲੀਨ ਕੌਰ (ਟੋਰਾਂਟੋ) ਨੇ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਸਾਡੀ ਚਲੀ ਜਾਵੇ ਭਾਵੇਂ ਜਿੰਦ ਜਾਨ ਸੂਬਿਆ" ਸਾਜਾਂ ਨਾਲ ਗਾ ਕੇ ਇੱਕ ਮਾਹੌਲ ਦੀ ਸਿਰਜਣਾ ਕੀਤੀ।

ਮੋਰਿੰਡੇ ਤੋਂ ਸ੍ਰੀ ਮਤੀ ਅਮਰਜੀਤ ਕੌਰ ਨੇ ਮਾਤਾ ਗੁਜਰੀ ਜੀ ਤੇ ਇੱਕ ਕਵਿਤਾ ਸੁਣਾਈ। ਚਮਕੌਰ ਸਾਹਿਬ ਤੋਂ ਗੁਰਿੰਦਰ ਸਿੰਘ ਸੰਧੂਆ ਨੇ ਕਵਿਤਾ "ਸੱਤ ਕੁ ਦਿਨਾਂ ਵਿਚ ਪਿਤਾ ਦਸ਼ਮੇਸ਼ ਜੀ ਨੇ, ਸਾਰਾ ਪਰਿਵਾਰ ਦਿੱਤਾ ਕੌਮ ਉਤੋਂ ਵਾਰ ਜੀ" ਤਰੰਨਮ ਵਿਚ ਸੁਣਾਈ। ਉਸਤਾਦ ਪੰਥਕ ਕਵੀ ਇੰਜੀ. ਕਰਮਜੀਤ ਸਿੰਘ ਨੂਰ ਨੇ ਜੈਕਾਰਿਆ ਦੀ ਗੂੰਜ ਵਿੱਚ ਆਪਣੀ ਕਵਿਤਾ ਸੁਣਾਈ। ਸਾਧੂ ਸਿੰਘ ਝੱਜ (ਸਿਆਟਲ) ਨੇ ਮਾਤਾ ਗੁਜਰੀ ਜੀ ਤੇ ਕਵਿਤਾ ਸੁਣਾਈ।

ਸੁਜਾਨ ਸਿੰਘ ਸੁਜਾਨ (ਟੋਰਾਂਟੋ) ਨੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਿਰਤਾਂਤ ਆਪਣੇ ਨਿਰਾਲੇ ਅੰਦਾਜ਼ ਵਿੱਚ ਪੇਸ਼ ਕੀਤਾ। ਸੁੰਦਰਪਾਲ ਕੌਰ ਰਾਜਾਸਾਂਸੀ (ਟੋਰਾਂਟੋ) ਨੇ "ਛੋਟੇ ਛੋਟੇ ਲਾਲ ਨੀਹਾਂ 'ਚ ਖਲੋਏ ਨੇ" ਗਾ ਕੇ ਸੁਣਾਈ। ਅਮਨਪ੍ਰੀਤ ਸਿੰਘ ਨੇ ਆਧੁਨਿਕ ਤਰਜ ਤੇ ਸ਼ਹੀਦੀ ਸਾਕਾ ਸੁਣਾਇਆ। ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ (ਕੈਲਗਰੀ) ਨੇ ਇੱਕ ਗ਼ਜ਼ਲ "ਉਹ ਤਾਂ ਵੀ ਨਾ ਡੋਲੀ" ਰਦੀਫ ਨਾਲ ਪੇਸ਼ ਕੀਤੀ। ਜਸਵਿੰਦਰ ਸਿੰਘ ਰੁਪਾਲ ਨੇ "ਸਾਕਾ ਚਮਕੌਰ ਸਾਹਿਬ" ਗਾ ਕੇ ਸੁਣਾਇਆ। ਬੀਬੀ ਸੁਰਜੀਤ ਕੌਰ (ਸੈਕਰਾਮੈਂਟੋ) ਅਤੇ ਕੁਲਵੰਤ ਸਿੰਘ ਸੇਦੋਕੇ ਹਾਜ਼ਰ ਨਹੀਂ ਹੋ ਸਕੇ।

ਡਾ. ਸੁਰਜੀਤ ਸਿੰਘ ਭੱਟੀ ਨੇ ਮਾਣਮੱਤੇ ਸਿੱਖ ਇਤਿਹਾਸ ਬਾਰੇ ਗੱਲਬਾਤ ਕੀਤੀ। ਉਨ੍ਹਾਂ ਸਮੂਹ ਕਵੀਆਂ ਨੂੰ ਆਪਣੀਆਂ ਕਵਿਤਾਵਾਂ ਲਿਖਤੀ ਰੂਪ ਵਿਚ ਵੀ ਭੇਜਣ ਦੀ ਬੇਨਤੀ ਕੀਤੀ ਤਾਂ ਕਿ ਉਹਨਾਂ ਨੂੰ ਸੋਸਾਇਟੀ ਦੇ ਈ-ਮੈਗਜ਼ੀਨ "ਸਾਂਝੀ ਵਿਰਾਸਤ" ਵਿੱਚ ਛਾਪਿਆ ਜਾ ਸਕੇ। ਡਾ. ਕਾਬਲ ਸਿੰਘ ਨੇ ਸ਼ਹੀਦਾਂ ਦੀ ਦੇਣ ਨੂੰ ਯਾਦ ਰੱਖਣ ਲਈ ਆਖਦੇ ਹੋਏ ਕਵੀਆਂ ਨੂੰ ਸੋਸਾਇਟੀ ਦੇ ਹਫਤਾਵਾਰੀ ਪ੍ਰੋਗਰਾਮ ਵਿੱਚ ਵੀ ਹਾਜਰ ਹੋਣ ਅਤੇ ਕਵਿਤਾ ਸੁਣਾਏ ਜਾਣ ਦਾ ਸੱਦਾ ਦਿੱਤਾ। ਸ. ਜਗਬੀਰ ਸਿੰਘ ਨੇ ਸਾਰੇ ਕਵੀਆਂ ਅਤੇ ਸੰਗਤ ਦਾ ਸੋਸਾਇਟੀ ਵੱਲੋਂ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਸੇਵਾ ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਵਲੋਂ ਬਾਖੂਬੀ ਨਿਭਾਈ ਗਈ। ਪਰੰਪਰਾ ਅਨੁਸਾਰ ਅਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮੇ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।



🙏 ਪ੍ਰਣਾਮ ਸ਼ਹੀਦਾਂ ਨੂੰ 🙏
ਸੰਗਤੇ ਨੀ ਮੇਰਾ ਨਾਂ ਗੁਜਰੀ,
ਮੈਂ ਗੋਬਿੰਦ ਸਿੰਘ ਦੀ ਮਾਂ ਗਜਰੀ,
ਮੈਂ ਗੁਜਰ ਗੁਜਰ ਕੇ ਗੁਜਰੀ ਹਾਂ,
ਕਈਂ ਵਾਰੀਂ ਕਈ ਕਈ ਥਾਂ ਗੁਜ਼ਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..
ਮੇਰਾ ਨੋ ਸਾਲ ਦਾ ਪੁੱਤਰ ਸੀ,
ਜਦ ਪਤੀ ਧਰਮ ਲਈ ਲੜਨ ਗਿਆ,
ਉਹ ਦਿੱਲੀ ਸ਼ਹਿਰ ਦੀਆਂ ਰਾਹਾਂ ਤੇ ਸੀ,
ਹਿੰਦ ਧਰਮ ਦੀ ਰੱਖਿਆ ਕਰਨ ਗਿਆ,
ਜਦ ਤੱਕਿਆ ਸੀਸ ਸੀ ਅੱਖੀਆਂ ਨੇ,
ਪਹਿਲੀ ਵਾਰ ਮੈਂ ਉਸੇ ਥਾਂ ਗਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..
modern graphics
9837385607
ਮੇਰੇ ਵੱਡੇ ਪੋਤਿਆਂ ਚਮਕੌਰ ਦੀ ਜੰਗ ਵਿੱਚ,
ਲੜਦਿਆਂ ਸ਼ਹੀਦੀਆਂ ਪਾ ਦਿੱਤੀਆਂ,
ਉਹ ਪਿਆਸੇ ਲੜਦੇ ਸ਼ਹੀਦ ਹੋਏ,
ਦੋ ਬੂੰਦਾਂ ਪਾਣੀ ਦੀਆਂ ਨਾਂ ਦਿੱਤੀਆਂ,
ਜੋ ਕਦੇ ਨਾ ਮੁੜ ਕੇ ਆਉਣੀ ਸੀ,
ਮੇਰੇ ਘਰ ਚੋਂ ਐਸੀ ਛਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ..
ਮੈਂ ਠੰਡੇ ਬੁਰਜ ਵਿੱਚ ਪੋਤਿਆ ਨੂੰ,
ਸਾਰੀ ਰਾਤ ਸਮਝਾਉਦੀ ਰਹੀ
ਕਦੇ ਜ਼ੁਲਮ ਅੱਗੇ ਨਾ ਝੁਕ ਜਾਇਉ,
ਮੈਂ ਏਹੋ ਸਬਕ ਸਿਖਾਉਂਦੀ ਰਹੀ,
ਜਦ ਪੋਤੇ ਮੇਰੇ ਸ਼ਹੀਦ ਕੀਤੇ,
ਫਿਰ ਆਪਣੇ ਆਪ ਮੈਂ ਤਾਂ ਗੁਜਰੀ,
ਸੰਗਤੇ ਨੀ ਮੇਰਾ ਨਾਂ ਗੁਜਰੀ,
ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ
@jattidaafashion
🙏 ਮਾਤਾ ਗੁਜਰੀ ਜੀ 🙏

We are Proud of them

Dr. Rajinder Singh, the Distinguished Historian of Science



Dr. Rajinder Singh (born on 5 October 1957 in Punjab), studied at D.A.V. College, Jalandhar and was selected for a German scholarship. In 1985, he joined a five-year degree program called *'Diplom Physik'* at the University of Oldenburg, in Germany. Later, he won a scholarship from "Bunt-Stift" Foundation for three years for research on Solar Energy and Meteorology. Oldenburg University had projects on the History of the work of European and American Scientists. Rajinder Singh worked on the Indian physicist, Sir C.V. Raman. He got the Heinrich-Böll Foundation scholarship for his D.Sc. degree from the University of Hamburg for work on History of Mathematics and Science.

Dr. Rajinder Singh guided two major educational projects called “Mission into the Future (A Quest for Sustainability)”, one involving schools in Germany, France, Italy, England, Spain, Lithuania, and Romania and the other extending it to Turkey, Portugal, and Holland. From 1995 onward, he devoted his life to writing Biographies of scientists from India (Nobel Laureate CV Raman, JC Bose, HJ Bhabha, PC Ray, SN Bose, MN Saha) and Indian Women Scientists Bibha Chowdhury and Purnima Sinha of Calcutta, and Suman Beri of Panjab.

He also wrote on the “Life and work of Mahatma Gandhi” and some of brilliant Indian scientists who deserved the award of Nobel Prizes. He is author of more than 45 books and hundreds of research papers, and has been honoured by many universities, and Science Academies.

Dr. (Retd. Col.) Sardar Rajinder Singh of Chandigarh honoured with the Life-Time Achievement Award



After retirement from the Indian Army in 1991, Col. Dr. Rajinder Singh has devoted all his time for the free treatment of people with Mental Health and Drugs-related issues. He has been working as a dedicated volunteer in the Charitable Hospital in Guru Teg Bahadur Sahib Gurdwara in Sector 34 of Chandigarh and has provided his free services to more than 35,000 patients. Besides, he is also associated with "The Kalgidhar Trust" (Baru Sahib, H.P.) for similar services in the several educational and other humanitarian institutions run by the Trust. He has written many books on Mental Health and Wellness.

His daughter Dr Neelam Kaur, M.S. (Ophthalmology) and her husband Dr Devinder Singh, M.D.(Medicine) are providing voluntary services in the top-class and famous Akal academy (Baru Sahib, H.P.), which is affiliated to the C.B.S.E. (New Delhi) for high quality education. Besides, with Dr Rajinder Singh's help, they are running many free Charitable Organisations for Widows, Senior Citizens and Orphans. The Kalgidhar Trust manages about 130 similar educational institutions in Punjab, Haryana, Rajasthan, Himachal Pradesh and Uttar Pradesh in India.

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। ( singhkabal285@gmail.com)

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (E-mail: baldev3@yahoo.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca)

ਡਾ. ਮਲਕੀਅਤ ਸਿੰਘ ਦੂਹੜਾ, M.Sc., Ph.D. ਕਰ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਦੇ Department of Plant Breeding ਵਿਚ ਬਤੌਰ Senior Entomologist ਕੰਮ ਕਰਦੇ ਰਹੇ ਹਨ। ਰਿਟਾਇਰ ਹੋ ਕੇ ਹੁਣ ਐਡਮਿੰਟਨ ਵਿਖੇ ਰਹਿੰਦੇ ਹਨ।(E-mail: duhramalkiat@gmail.com).

ਡਾ. ਹਰਸ਼ਿੰਦਰ ਕੌਰ ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ

ਮਾਡਲ ਸਨਮਾਨ ਮਿਲੇ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ', ਰੋਟਰੀ ਵੋਕੇਸ਼ਨਲ ਅਵਾਰਡ, ਅਤੇ ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਕਈ ਟੀ. ਵੀ. ਚੈਨਲਾਂ ਨੇ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਹਨ।

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ-ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

ਸਰਦਾਰਨੀ ਅੰਮ੍ਰਿਤਪਾਲ ਕੌਰ, ਐਮ. ਏ. (ਅੰਗਰੇਜ਼ੀ), ਐਮ. ਏ. (ਧਾਰਮਿਕ ਅਧਿਐਨ) ਤੇ ਐਮ. ਐੱਡ. ਡਿਗਰੀਆਂ ਪ੍ਰਾਪਤ ਕਰ ਕੇ ਅੰਗਰੇਜ਼ੀ ਵਿੱਚ ਲੈਕਚਰਾਰ ਵਜੋਂ ਕੰਮ ਕੀਤਾ। ਉਹ ਆਲ-ਇੰਡੀਆ ਰੇਡੀਓ, ਜਲੰਧਰ, ਦੇ ਪੰਜਾਬੀ ਪ੍ਰੋਗਰਾਮ "ਗੁਰਬਾਣੀ ਵਿਚਾਰ" ਪੇਸ਼ ਕਰਦੇ ਰਹੇ। ਸਨ 2014 ਵਿੱਚ, ਉਨ੍ਹਾਂ ਨੇ ਸਿੱਖ ਫਿਲਾਸਫੀ 'ਤੇ ਆਪਣੀ ਪਹਿਲੀ ਕਿਤਾਬ ਲਿਖੀ, ਜਿਸ ਤੋਂ ਬਾਅਦ ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ 'ਤੇ ਕਈ ਹੋਰ ਕਿਤਾਬਾਂ ਲਿਖੀਆਂ।

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਕਵਿਤਾ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਵਿਚ ਰੁਚੀ ਰੱਖਦੇ ਹਨ। ਸਾਹਿਤਕ ਅਤੇ ਵਿਗਿਆਨਕ ਵਿਸ਼ਿਆਂ ਤੇ 30 ਸਾਂਝੀਆਂ ਪੁਸਤਕਾਂ ਵਿੱਚ ਰਚਨਾਵਾਂ ਛਪੀਆਂ ਹਨ। ਦੇਸ਼ ਵਿਦੇਸ਼ ਦੇ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। ਫੋਨ 91 9814715796 (E-mail: rupaljs@gmail.com).

**ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਤੋਂ ਬਤੌਰ ਮੁਖੀ ਅਤੇ ਡੀਨ ਰਿਟਾਇਰ ਹੋਏ ਸਨ । ਉਨ੍ਹਾਂ ਦੇ ਇਕ ਲੈਕਚਰ (ਸ਼ਸਤਰ ਨਾਮ ਮਾਲਾ) ਦਾ ਲਿੰਕ ਹੇਠਾਂ ਦਿੱਤਾ ਹੈ।**

**https://youtu.be/xNaJfu40Cu4**

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਇਹ ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage. (Secular, Non-Political, Non-Personal Articles/Poems, after Review).
2. Editorial Board : Will not be responsible for views of Authors / Poets.
3. Font size 12/14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo optional).
7. Maximum Length : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy-Right (CR) : Authors will ensure there is 'No CR' Infringement.
10. References/Photos : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸਲਾਹਕਾਰ

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਸ੍ਰ. ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ